DP
1964
P

NATIONAL ARCHIVES LIBRARY.
GOVERNMENT OF INDIA
NEW DELHI.
1060
9121
Call No.
Book No. 1964

1964

੧ ੴ ਵਾਹਿਗੁਰੂ ਕੀ ਫਤਹ ॥

# ਬਾਗ਼ੀ ਸਿੱਖ ਕਿ ਸ਼ਕਾਰ?

L.I.B ੧੨੩/੭੬੧੩

ਕਰਤਾ ਤੇ ਪ੍ਰਕਾਸ਼ਕ

ਭਾਈ ਰਤਨ ਸਿੰਘ "ਅਜ਼ਾਦ"

---

ਮੁਲ ਕੇਵਲ ॥) ਅਠ ਆਨੇ

NATIONAL ARCHIVES LIBRARY
No 1964
Date 1.2.72
GOVT. OF INDIA

Lib 923/76 P3

ਸਭ ਹਕ ਰਾਖਵੇਂ ਹੈਨ ਬਿਨਾ ਆਗਿਆ ਕੋਈ ਨਾ ਛਾਪੇ॥

ੴ ਸਤਿਗੁਰ ਪ੍ਰਸਾਦਿ ॥

"ਜਿਨ ਮਨ ਹੋਰ ਮੁਖ ਹੋਰ ਸੇ ਕਾਂਢੇ ਕਚਿਆ"

# ਬਾਗ਼ੀ ਸਿਖ ਕਿ ਸਰਕਾਰ ?

ਅਰਥਾਤ

## ਰੀਡਿੰਗ ਸ਼ਾਹੀ ਇਨਸਾਫ ਦਾ ਝਾਕਾ

ਕਰਤਾ ਤੇ ਪ੍ਰਕਾਸ਼ਕ

ਰਤਨ ਸਿੰਘ ਆਜ਼ਾਦ (ਪਟਿਆਲਾ)

ਮੈਂਬ੍ਰ ਸ੍ਰੋ: ਗੁ: ਪ੍ਰ: ਕ: ਸ੍ਰੀ ਅੰਮ੍ਰਿਤਸਰ

ਮਿਲਨ ਦਾ ਪਤਾ:--ਅਕਾਲ ਕੁਟੀਆ ਬੁਕ ਡਿਪੋ

ਬਜ਼ਾਰ ਮਾਈ ਸਵਾਂ ਅੰਮ੍ਰਿਤਸਰ

ਪੰਜਾਬ ਖਾਲਸਾ ਪ੍ਰੈਸ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

ਵਿਚ ਭਾਈ ਗੁਰਬਚਨ ਸਿੰਘ "ਅਕਾਲੀ"

ਪ੍ਰਿੰਟਰ ਦੇ ਯਤਨ ਨਾਲ ਛਪਿਆ।

ਕਰਤਾ ਦੇ ਕਲਮੀ ਦਸਖਤਾਂ ਤੋਂ ਬਿਨਾਂ ਮਾਲ ਚੋਰੀ ਦਾ ਸਮਝੋ

# ਸਮਰਪਣ

ਦਾਸ ਆਪਣੀ ਇਸ ਤੁੱਛ ਬੁੱਧੀ ਨਾਲ ਲਿਖੀ ਹੋਈ ਪੁਸਤਕ ਨੂੰ ਪੰਥ ਦਾ ਦਰਦ ਰੱਖਣ ਵਾਲੇ ਤੇ ਨੌਕਰਸ਼ਾਹੀ ਦੇ ਜ਼ੁਲਮ ਦੇ ਸ਼ਿਕਾਰ ਹੋਏ ਹੋਏ ਸ੍ਰੀ ਹਜ਼ੂਰ ਮਹਾਰਾਜਾ ਰਿਪੁਦਮਨ ਸਿੰਘ ਸਾਹਿਬ ਜੀ ਦੀ ਸੇਵਾ ਵਿਚ ਨਿਮ੍ਰਤਾ ਸਹਿਤ ਭੇਟਾ ਕਰਦਾ ਹੈ। ਜੇ ਏਹ ਪ੍ਰਵਾਨ ਹੋ ਗਈ ਤਾਂ ਆਪਣੀ ਮਿਹਨਤ ਨੂੰ ਸੁਫਲ ਸਮਝਾਂਗਾ।

ਨਿਮਾਣਾ ਦਾਸ:—'ਆਜ਼ਾਦ'

ੴ ਸਤਿਗੁਰ ਪ੍ਰਸਾਦਿ ॥

# ਰੀਡਿੰਗ ਸ਼ਾਹੀ ਇਨਸਾਫ

ਪਿਛਲੇ ਵੈਰ ਬਦਲੇ ਤੂੰ ਨਰੇਸ਼ ਨਾਭਾ,
ਅੱਜ ਗੱਦੀ ਦੇ ਉਤੋਂ ਉਤਾਰਿਆ ਏ।
ਰੀਡਿੰਗ ਸ਼ਾਹੀ ਇਨਸਾਫ ਦਾ ਬਦਲ ਪੜਦਾ,
ਸਿਖ ਕੌਮ ਤੇ ਕੈਹਰ ਗੁਜ਼ਾਰਿਆ ਏ।
ਕਰਕੇ ਘਰੋਂ ਬੇਘਰ ਤੂੰ ਤਾਜ ਵਾਲੇ,
ਦਾਓ ਵੇਖਕੇ ਰੜੇ ਹੀ ਮਾਰਿਆ ਏ।
ਜਦੋਂ ਪੰਥ ਨੇ ਆਨ ਅਵਾਜ਼ ਚੁਕੀ,
ਫੇਰ ਪੰਥ ਨੂੰ ਬਾਗ਼ੀ ਉਚਾਰਿਆ ਏ।
ਫੱਟ ਮਾਰਕੇ ਫੇਰ ਨਾ ਰੋਣ ਦੇਵੇਂ,
ਜੇਕਰ ਰੋਵੀਏ ਬਾਗ਼ੀ ਸੁਨਾਓਨਾਂ ਏਂ।
ਸ਼ਾਂਤਮਈ ਦੇ ਹਾਮੀਆਂ ਤਾਈਂ ਅੜਿਆ,
ਅਧੀ ਰਾਤ ਨੂੰ ਪਕੜਨੇ ਆਓਨਾਂ ਏਂ।
ਤੂੰ ਟਾਹਰਾਂ ਇਨਸਾਫ ਦੀਆਂ ਮਾਰਦਾ ਸੈਂ,
ਕੀ ਇਹੋ ਇਨਸਾਫ ਵਖਾਵਣਾ ਸੀ?
ਫੜਕੇ ਕਲਮ ਦੀ ਐ ਤਲਵਾਰ ਰੀਡਿੰਗ,
ਕੀ ਅਰਥ ਇਨਸਾਫ ਲਿਖਾਵਣਾ ਸੀ?
*ਪਹਿਲੇ ਦਸੇ ਸਨ ਕਈ ਇਨਸਾਫ ਤੂੰ ਨੇ,
ਕੀ ਇਹ ਵੀ ਤੂੰ ਪੜਦਾ ਉਠਾਵਣਾ ਸੀ?

---

* ਕੁੰਜੀਆਂ ਦਾ ਮਾਮਲਾ, ਕ੍ਰਿਪਾਨ ਦਾ ਝਗੜਾ, ਤੇ ਗੁਰੂ ਕੇ ਬਾਗ ਦਾ ਖੂਨੀ ਡਰਾਮਾ ਆਦਿ।

ਫੜਕੇ ਕਲਮ ਹਕੂਮਤ ਦੀ ਪੱਛ ਲਾਵੇਂ,
ਕੀ ਇਹੋ ਹੀ ਫਹਿਆ ਲਗਾਵਣਾ ਸੀ ?
ਤੇਰੇ ਰਾਜ ਵਿਚ ਮੋਹਣਾ ਇਨਸਾਫ ਡਿੱਠਾ,
ਚੋਰ ਯਾਰ ਡਾਕੂ ਮੌਜਾਂ ਮਾਣਦੇ ਨੇ।
ਸ਼ਾਂਤਮਈ ਦੇ ਹਾਮੀ ਅਕਾਲੀਆਂ ਨੂੰ,
ਤੇਰੇ ਚਾਟੜੇ ਬਾਗ਼ੀ ਵਖਾਣਦੇ ਨੇ।

## ਪੰਜਾਬ ਦਾ ਰਾਜ

ਜਦੋਂ ਰਾਜ ਪੰਜਾਬ ਦਾ ਸਾਂਭਿਆ ਸੀ,
ਤਦੋਂ ਕੀਤਾ ਸੀ ਕੀ ਇਕਰਾਰ ਆਕੇ।
†ਮਹਾਰਾਜ ਨੂੰ ਆਪੇ ਹੀ ਆਖਿਆ ਸੀ,
ਬਾਲਗ ਹੋਣ ਤਕ ਹਾਂ ਸੇਵਾਦਾਰ ਆਕੇ।
ਪਿਛੋਂ ਦਿਓਗੇ ਰਾਜ ਮਹਾਰਾਜ ਜੀ ਨੂੰ,
ਨੌਕਰਸ਼ਾਹੀ ਕਰਨ ਹੈ ਬਪਾਰ ਆਕੇ।
ਰਾਜ ਰਾਜਿਆਂ ਦਾ ਮੁੜਕੇ ਪਰਤ ਦੇਨਾ,
ਮਾਲਕ ਬਨਣ ਮੁੜਕੇ ਹਕਦਾਰ ਆਕੇ।
ਕੀ ਰਜੇ ਨਾਂ ਤੁਸੀਂ ਬਪਾਰ ਕਰਕੇ,
ਅਜੇ ਤਕ ਬਾਲਗ ਨਾ ਮਹਾਰਾਜ ਹੋਇਆ ?
ਗਬਨ ਕੀਤੀ ਅਮਾਨਤ ਪੰਜਾਬ ਸਾਡਾ,
ਸਚ ਆਖਿਆ ਤੂੰ ਨਰਾਜ਼ ਹੋਇਆ।

---

†ਸਿਖ ਕੌਮ ਦਾ ਅੰਤਮ ਸਿਖ ਬਾਦਸ਼ਾਹ ਅਰਥਾਤ ਮਹਾਰਾਜਾ ਦਲੀਪ ਸਿੰਘ ਜੀ॥

ਰਾਜ ਪਰਤਕੇ ਕਿਸ ਨੂੰ ਸੌਂਪਿਆ ਈ,
ਜਰਾ ਦਸ ਖਾਂ ਖੋਲ ਐਹਵਾਲ ਅੜਿਆ।
ਬਾਗੀ ਬਣ ਬੈਠੋਂ ਤੂੰ ਪੰਜਾਬ ਅੰਦਰ,
ਬਾਗੀ ਕੌਣ? ਇਹ ਸਾਡਾ ਸਵਾਲ ਅੜਿਆ।
ਮੁੜਕੇ ਰਾਜ ਦੇਣਾ ਰਾਜ ਵਾਲਿਆਂ ਨੂੰ,
ਜੇਕਰ ਹੋਵਣਾਂ ਚਾਹੇ ਬਹਾਲ ਅੜਿਆ।
ਨਹੀਂ ਤੇ ਯਾਦ ਰਖ ਛਿਕੇ ਛੜਾ ਦੇਸਾਂ,
ਸ਼ਾਤਮਈ ਦੀ ਖੜਗ ਉਠਾਲ ਅੜਿਆ।
ਪਿਛੋਂ ਕਹੀਂ ਨਾ ਕਿਸੇ ਨੇ ਦਸਿਆ ਨਹੀਂ,
ਤੈਨੂੰ ਅਗੋਂ ਹੀ ਪਏ ਵੰਗਾਰ ਦੇ ਹਾਂ।
ਅਧੀ ਰਾਤ ਨੂੰ ਤੇਰੇ ਨਾ ਵਾਂਗ ਅੜਿਆ,
ਲੁਕ ਛਿਪ ਡਾਕੇ ਅਸੀ ਮਾਰਦੇ ਹਾਂ।

## ਸਾਡੀ ਅਪੀਲ ?

ਕਲਗੀ ਵਾਲਿਆ ਸੁਣੀ ਪੁਕਾਰ ਸਾਡੀ,
ਤੇਰੇ ਪੰਥ ਨੂੰ ਬਾਗੀ ਸੁਨਾਉਂਦੇ ਨੇ।
ਉਲਟਾ ਚੋਰ ਕੁਟਵਾਲ ਨੂੰ ਡਾਟਦਾ ਏ,
ਗਿਦੜ ਭਬਕੀਆਂ ਦੇ ਧਮਕਾਉਂਦੇ ਨੇ।
"ਤੇਰੇ ਘਰ" ਨੂੰ ਲੁਟ ਬਰਬਾਦ ਕੀਤਾ,
ਅਗੋਂ ਸਿੰਘ ਜਾਂ ਸਚ ਸੁਣਾਉਂਦੇ ਨੇ।
ਬਾਗੀ ਦਸ ਫੜਦੇ ਅਧੀ ਰਾਤ ਵੇਲੇ,
ਡਾਕਾ ਮਾਰਨੋ ਨਹੀਂ ਸ਼ਰਮਾਂਉਦੇ ਨੇ।

ਬਣਕੇ ਆਪ ਡਾਕੂ ਸਾਨੂ ਕੈਹਣ ਬਾਬਾ,
ਡਰ ਤੇਰਾ ਵੀ ਦਿਤਾ ਵਿਸਾਰ ਬਾਬਾ।
ਵਰ ਸ਼ਾਂਤਮਈ ਦਾ ਦੇਵੀਂ ਖਾਲਸੇ ਨੂ,
ਤੇਰੇ ਦਰ ਤੋਂ ਹੋਣ ਨਸਾਰ ਬਾਬਾ।
ਵੇਲਾ ਔਕੜਾਂ ਦਾ ਅਜ ਫੇਰ ਆਇਆ,
ਕਰਦੇ ਮੀਰ ਮਨੂੰ ਵਾਲੀ ਕਾਰ ਬਾਬਾ।
ਰੰਘੜ ਅਤੇ ਫਰੰਗੜ ਦੀ ਚਾਲ ਇਕੋ,
ਇਕੋ ਸਿੰਘ ਮਹਿਤਾਬ ਸਰਦਾਰ ਬਾਬਾ।
ਆਪਣੇ ਬਚਿਆਂ ਨੂ ਦੇਂਵੀ ਬਲ ਆਪੇ,
ਗਜ ਵਜਕੇ ਕਰਨ ਸੁਧਾਰ ਬਾਬਾ।
ਬੈਠਣ ਨਾਭਾ ਨਰੇਸ਼ ਜੀ ਫੇਰ ਗਦੀ,
ਜੇਹੜਾ ਪੰਥ ਦਾ ਹੈ ਸੇਵਾਦਾਰ ਬਾਬਾ।
ਹਥ ਜੋੜਕੇ ਅਰਜ "ਆਜ਼ਾਦ" ਕਰਦਾ,
ਸਾਡੇ ਬਾਗ ਚੋਂ ਦੂਰ ਸਯਾਦ ਕਰ ਦੇ।
ਹੋਵੇ ਕੂਚ ਡੇਰਾ ਏਨਾ ਜਾਲਮਾ ਦਾ,
ਸਾਡੇ ਦੇਸ਼ ਨੂ ਝਟ ਆਜ਼ਾਦ ਕਰ ਦੇ।

## ਜਬਰ ਤੇ ਸਬਰ

ਐ ਜਾਬਰਾ ਜਬਰ ਤੂੰ ਦਸ ਅਪਣਾ,
ਅਸੀਂ ਆਪਣਾ ਸਬਰ ਵਖਾਉਂਦੇ ਹਾਂ।
ਤੂੰ ਤੋਪ ਬੰਦੂਕ ਅਜ਼ਮਾ ਆਪਣੀ,
ਅਸੀਂ ਹਿਕ ਹੀ ਢਾਲ ਬਨਾਉਂਦੇ ਹਾਂ।

ਕਰੇਂ ਮਾਣ ਮਸ਼ੀਨ ਗਨ ਬੰਬ ਉਤੇ,
ਅਸੀਂ ਸਬਰ ਮਸ਼ੀਨ ਚਲਾਉਂਦੇ ਹਾਂ।
ਗੋਲੇ ਛੱਡਕੇ ਸ਼ਾਂਤਮਈ ਜਾਬਰਾ ਵੇ,
ਮਲੀਆ ਮੇਟ ਇਹ ਜ਼ੁਲਮ ਕਰਾਂਉਂਦੇ ਹਾਂ।
ਮਗਰੋਂ ਕਹੀਂ ਨਾ ਆਲਸੀ ਵਿਚ ਰਿਹਾ,
ਜਿਨੇ ਜੀ ਤੂੰ ਅਸਾਂ ਤੇ ਵਾਰ ਕਰਲੈ।
ਅਸਾਂ ਸਬਰ ਦੇ ਬਾਣ ਚਲਾਂਵਣੇ ਨੇ,
ਤੂੰ ਹੁਣ ਜਬਰ ਦੀ ਤਿੱਖੀ ਤਲਵਾਰ ਕਰਲੈ।

ਅਸੀਂ ਅਗੇ ਹੀ ਕੈਦ ਹਾਂ ਜਾਬਰਾ ਵੇ,
ਭਲਾ ਤੂੰ ਕੀ ਕੈਦ ਵਿਚ ਪਾਵਣਾ ਏਂ ?
ਸਾਨੂੰ ਅਗੇ ਹੀ ਲਗੀ ਹੱਥ ਕੜੀ ਹੋਈ,
ਭਲਾ ਤੂੰ ਹੱਥ ਕੜੀ ਕੀ ਲਾਵਣਾ ਏਂ ?
ਅਸੀਂ ਪੈਹਲੇ ਹੀ ਬਣੀ ਗੁਲਾਮ ਬੈਠੇ,
ਭਲਾ ਕਿਉਂ ਗੁਲਾਮ ਬਨਾਵਣਾ ਏਂ ?
ਅਸੀਂ ਅਗੇ ਹੀ ਭੁਖ ਤੋਂ ਪਏ ਮਰਦੇ,
ਭਲਾ ਭੁਖੇ ਤੂੰ ਕਿਉਂ ਰਖਾਵਣਾ ਏਂ ?
ਐਪਰ ਕੈਦ ਚੰਗੀ ਤੇਰੀ ਕੈਦ ਕੋਲੋਂ,
ਚੰਗੀ ਖਦਮੀ ਤੁਧ ਦੀ ਖਾਦਮੀ ਥੋਂ।
ਤੈਥੋਂ ਭਲੀ ਹੱਥ ਕੜੀ ਹੈ ਅਸਾਂ ਸੰਦੀ,
ਪੁਛੀਂ ਭੇਦ ਸਿਆਣੇ ਤੂੰ ਆਦਮੀ ਥੋਂ।

## ਪਿਛਲਾ ਝਾਕਾ

ਅਜੇ ਕਲ ਦੀ ਗਲ ਹੈ ਸੁਣੀ ਅੜਿਆ,
ਅਟਕੋਂ ਪਾਰ ਬੈਠਾ ਹੀ ਘਬਰਾਵੰਦਾ ਸੈਂ !
ਜਦੋਂ ਤੇਗ ਦੇ ਧਨੀ ਨੇ ਤੇਗ ਚੁਕੀ,
ਅਗੋਂ ਵੇਖ ਤੂੰ ਵਾਸਤੇ ਪਾਵੰਦਾ ਸੈਂ !
ਉਸੇ ਖਾਲਸੇ ਨੂੰ ਬਾਗੀ ਦਸਨਾ ਏਂ,
ਜਿਨੂੰ ਸਿੰਘ ਬਹਾਦਰ ਅਲਾਵੰਦਾ ਸੈਂ।
ਅਜ ਕਹੇਂ ਬਾਗੀ ! ਜਰਮਨ ਜੰਗ ਲੇ,
ਸਜੀ ਬਾਂਹ ਤੂੰ ਪਿਆ ਬਤਾਵੰਦਾ ਸੈਂ !
ਸਾਨੂੰ ਜਾਪ ਦਾ ਅਕਲ ਤੇ ਪਿਆ ਪੜਦਾ,
ਪੁਠੇ ਦਿਨ ਆਏ ਨਜ਼ਰ ਆਵੰਦੇ ਨੇ।
ਸਾਨੂੰ ਹੁਕਮ ਹੈ ਪੰਥ ਦਾ ਸ਼ਾਤ ਰੈਹਣਾ,
ਏਹੋ ਮਿਸ਼ਨ 'ਆਜ਼ਾਦ' ਨਭਾਵੰਦੇ ਨੇ।
ਹੈ ਇਹ ਖਾਲਸਾ ਓਹੋ ਹੀ ਯਾਦ ਹਸੀ,
ਮਜ਼ਾ ਤੇਗ ਦਾ ਤੈਨੂੰ ਚਖੌਣ ਵਾਲਾ।
ਜਦੋਂ ਨਾਲ ਤੁਸਾਡੜੇ ਯੁਧ ਲੱਗਾ,
ਲੱਖਾਂ ਤਾਈਂ ਹੀ ਇਕੋ ਮੁਕੌਣ ਵਾਲਾ।
ਭਲਾ ਨਜ਼ਰ ਤੂੰ ਵਿੱਚ ਪੰਜਾਬ ਔਂਦਾ,
ਚੁਗਲ ਹੁੰਦਾ ਨਾ ਚੁਗਲੀ ਲੌਣ ਵਾਲਾ।
ਪਹਾੜਾ ਸਿੰਘ ਜੇ ਤੇਰਾ ਨਾ ਸਾਥ ਦੇਦਾ,
ਅਜ ਕੌਣ ਸੈਂ ਬਾਗੀ ਬਨੌਣ ਵਾਲਾ।
ਓਹੋ ਬੀਰਤਾ ਓਹੋ ਹੀ ਖਾਲਸਾ ਏ,

ਪਰ ਨੇ ਸ਼ਾਤਮਈ ਨੂੰ ਅਜ ਧਾਰ ਬੈਠੇ।
ਹੁਣ ਵੀ ਟਾਕਰਾ ਸ਼ਾਤਮਈ ਨਾਲ ਕਰਦੇ,
ਤੇਰੇ ਮੁੜ ਕਦੀਮ ਦੇ ਯਾਰ ਬੈਠੇ।

## ਕਰਦਾ ਰਾਜ ਫਕੀਰ ਬਨਾ ਲਿਆਈ !

ਅਲੇ ਫੱਟ ਸੀ ਅਜੇ ਤਾਂ ਖਾਲਸੇ ਦੇ,
ਚੰਗਾ ਸੋਚਕੇ ਫਹਿਆ ਲਗਾ ਲਿਆਈ।
ਸ਼ੇਰਾਂ ਸੁਤਿਆਂ ਨੂੰ ਆਪ ਛੇੜਕੇ ਤੇ,
ਗਲ ਆਪਣੇ ਆਪੇ ਪਵਾ ਲਿਆਈ।
ਆਪੇ ਦਸਕੇ ਬਾਗੀ ਤੂੰ ਖਾਲਸੇ ਨੂੰ,
ਅਧੀ ਰਾਤ ਨੂੰ ਪਕੜ ਪਕੜਾ ਲਿਆਈ।
ਆਪੇ ਹਰੀ ਰਿਪ ਦਮਨ ਮਹਾਰਾਜ ਜੀ ਨੂੰ,
ਕਰਦਾ ਰਜ ਫਕੀਰ ਬਨਾ ਲਿਆਈ।
ਪਿਛੋਂ ਟੁਟ ਕੇ ਬਾਗ ਦੇ ਵਾਂਗ ਅੜਿਆ,
ਐਵੇਂ ਹੋਈਂ ਨਾ ਕਿਤੇ ਖਵਾਰ ਮੁੜਕੇ।
ਨਾਭਾ ਕਰ ਬਹਾਲ ਤੇ ਛਡ ਲੀਡਰ,
ਇਸ ਗਲ ਨੂੰ ਮਨ ਵਿਚਾਰ ਮੁੜਕੇ।
ਰਾਜ ਖੋਹਣਦਾ ਪੈ ਗਿਆ ਝਬ ਓ ਨੂੰ,
ਨਿਤ ਨਵੇਂ ਤੂੰ ਢੰਗ ਚਲਾਵਿਨਾ ਏਂ।
ਅੰਤਮ ਬਾਦਸ਼ਾਹ ਸਿੰਘ ਦਲੀਪ ਜੀ ਨੂੰ,
ਨਾਲ ਢੰਗ ਵਲੈਤ ਪੁਚਾਵਿਨਾ ਏਂ।
ਕਿਸੇ ਪੁਛਿਆ ਤੁਧ ਨੂੰ ਮੂਲ ਨਹੀਂ ਸੀ,
ਤਾਈਏ ਭੈਣ ਬਣ ਹੱਥ ਵਖਾਵਿਨਾ ਏਂ।

ਸਾਰੇ ਹਿੰਦ ਦੇ ਰਾਜਿਆਂ ਤਾਂਈ ਅੜਿਆ,
ਰਾਜ ਖੋਹ ਫਕੀਰ ਬਨਾਵੰਨਾ ਏਂ।
ਓਸੇ ਝਸ ਅੰਦਰ ਨਾਭਾ ਪਤੀ ਜੀ ਨੂੰ,
ਕਰਦਾ ਰਾਜ ਫਕੀਰ ਬਨਾ ਲਿਆਈ।
ਪਰ ਹੁਣ ਪੁਛਣੇ ਯੋਗ ਹੈ ਖਾਲਸਾ ਵੀ,
ਕਿਉਂ ਪੰਥ ਨੂੰ ਬਾਗੀ ਬਨਾ ਲਿਆਈ ?

## ਵੰਗਾਰਨਾ

ਦਫਾ ਦੁਫਾ ਦੀ ਕੋਈ ਪਰਵਾਹ ਨਾਹੀਂ,
ਜਿਨਾ ਜੀ ਕਰਦਾ ਚਾ ਅਜਮਾ ਲੈ ਤੂੰ।
ਤਾਜੀਰਾਤ ਤੇ ਹਿੰਦ ਕਾਨੂੰਨ ਡਾਇਣ,
ਸਾਰੇ ਪੰਥ ਦੇ ਮਗਰ ਪਵਾ ਲੈ ਤੂੰ।
ਉਸੇ ਆੜ ਅੰਦ੍ਰ ਤੂੰ ਉਗਲਵੀ ਨੂੰ,
ਰਾਜ ਨਾਭੇ ਦਾ ਹਥ ਫੜਾ ਲੈ ਤੂੰ।
ਉਸੇ। ਆੜ ਅੰਦ੍ਰ ਭਾਂਵੇ ਖਾਲਸੇ ਨੂੰ,
ਲਖ ਵਾਰ ਚਾ ਬਾਗੀ ਸੁਨਾ ਲੈ ਤੂੰ।
ਐਪਰ ਯਾਦ ਰਖ ਅੰਤ ਨੂੰ ਫਤੇ ਹੋਸੀ,
ਸਚ, ਧਰਮ, ਦੀ ਅਤੇ ਕੁਰਬਾਨੀਆਂ ਦੀ।
ਕਦੇ ਆਨ ਨਸੀਬ ਬਲੰਦ ਹੋਸੀ,
ਗੁੰਮੀ ਚੀਜ਼ ਮਿਲਸੀ ਹਿੰਦੋਸਤਾਨੀਆਂ ਦੀ।
ਤਾੜ ਤਾੜ ਗੋਲੀ ਜਦੋਂ ਚਲਸੇ ਗੀ,
ਸਿੰਘ ਵਾਂਗ ਪਤੰਗੇ ਕੁਰਬਾਨ ਹੋਸਨ।

ਹਸ ਹਸ ਸ਼ਹੀਦੀਆਂ ਪੌਣ ਸਾਰੇ,
ਤੇਰੇ ਉਡਦੇ ਮੂੰਹੋਂ ਰਵਾਨ ਹੋਸਨ।
ਚੇਹਰਾ ਲਾਲ ਹੋਸੀ ਸਾਰੇ ਖਾਲਸੇ ਦਾ,
ਕੌਮੀ ਪਿਆਰ ਅੰਦ੍ਰ ਲਹੂ ਲੁਹਾਣ ਹੋਸਨ।
ਢਾਲ ਪ੍ਰੇਮ ਦੀ ਸ਼ਾਂਤ ਦੀ ਖੜਗ ਲੈਕੇ,
ਸਿੰਘ ਗਜਦੇ ਵਿਚ ਮੈਦਾਨ ਹੋਸਨ।
ਤਦੋਂ ਹੋਸ਼ ਆਊ ਤੈਨੂ ਜਾਬਰਾ ਓਏ,
ਨਾਲੇ ਦੇਸ ਅਸਾਡਾ "ਆਜਾਦ" ਹੋਸੀ।
ਲੰਡਨ ਵਿਚ ਬੈਠਾ ਨਜਰ ਆਵਸੇਂਗਾ,
ਧਕੜਸ਼ਾਹੀ ਦਾ ਜੁਲਮ ਬਰਬਾਦ ਹੋਸੀ।

## ਬਾਗੀ ਸਿਖ ਕਿ ਸਰਕਾਰ

## ਅਕਾਲੀ

ਐ ਅਸਮਾਨ ਤੂੰ ਵੇਖੇਂ ਅਹਵਾਲ ਸਾਰੇ,
ਜਰਾ ਕਰੀਂ ਇਨਸਾਫ ਵਿਚਾਰ ਕੇ ਤੂੰ।
ਬਾਗੀ ਸਿਖ ਕਿ ਹੈ ਸਰਕਾਰ ਏਥੇ,
ਪਾਜ ਖੋਲ ਇਹ ਦਸੀਂ ਪੁਕਾਰ ਕੇ ਤੂੰ।
ਤੈਨੂੰ ਪਤਾ ਏ ਕਿਹਾ ਫਰੰਗੀਆਂ ਨੇ,
ਰਾਜ ਲਿਆ ਸੀ ਝੂਠ ਉਚਾਰ ਕੇ ਵੇ।
ਕੀਤਾ ਜ਼ੁਲਮ ਨਾਹੱਕ ਏਦੇਸਿਆਂ ਤੇ,
ਕਈ ਤਰਾਂ ਦੇ ਲਾਲ ਖਲਾਰ ਕੇ ਵੇ।
ਤੈਨੂੰ ਪਤਾਏ ਅਸਾਂ ਨੇ ਕਿਸ ਖਾਤ੍ਰ,

ਜਰਮਨ ਜੰਗ ਵਿਚ ਸੀਸ ਕਟਾਏ ਸੀਗੇ।
ਭੁਖੇ ਰੈਹਿਕੇ ਕੱਟੇ ਸੀ ਆਪ ਫਾਕੇ,
ਚਿੱਟੀ ਚਮੜੀ ਵਾਲੇ ਬਚਾਏ ਸੀਗੇ।

## ਅਸਮਾਨ

ਜਬਰ ਜਾਬਰਾਂ ਦਾ ਕੀ ਮੈਂ ਖੋਲ ਦਸਾਂ,
ਜੇਹੜਾ ਬੋਲਦਾ ਜੇਹਲ ਵਿਚ ਪਾਵੰਦੇ ਨੇ।
ਅਸਲ ਵਿਚ ਇਹ ਗਲ ਮਸ਼ਹੂਰ ਆਹਾ,
ਧੋਖੇ ਬਾਜ਼ੀਆਂ ਜਾਬਰ ਕਮਾਵੰਦੇ ਨੇ।
ਅੱਗ ਲੈਣ ਆਈ ਘਰ ਦੀ ਬਣੀ ਮਾਲਕ,
ਸੱਚ ਸਿੰਘ ਜਾ ਅਗੋਂ ਸੁਨਾਵੰਦੇ ਨੇ।
ਝੱਟ ਕਰ ਬਾਗੀ ਸੁੱਟਦੇ ਵਿੱਚ ਜਹਲਾਂ,
ਮਨ ਮਨੇ ਇਹ ਹੁਕਮ ਚਲਾਵੰਦੇ ਨੇ।
ਜੇਕਰ ਸੱਚ ਪੁਛੋ ਤਾਂ ਇਹ ਠੀਕ ਜਾਣੋ,
ਬਾਗੀ ਬਣ ਬੈਠੀ ਹੈ ਸਰਕਾਰ ਏਥੇ।
ਕਰੇ ਜ਼ੁਲਮ ਏ ਰੱਬ ਦੇ ਬੰਦਿਆਂ ਤੇ,
ਦੇਵੇਂ ਸੱਚ "ਅਜ਼ਾਦ" ਪੁਕਾਰ ਏਥੇ।

# ਬਨੌਟੀ ਇਨਸਾਫ਼

ਐ ! ਇਨਸਾਫ ਦੀਆਂ ਟਾਹਰਾਂ ਮਾਰਨ ਵਾਲੇ ਲਾਰਡ ਰੀਡਿੰਗ ਜਰਾ ਆਪਣੇ ਕੰਨਾਂ ਨੂੰ ਖੋਲਕੇ ਸੁਣ ਕਿ ਆਇਆ ਤੇਰੇ ਰਾਜ ਵਿਚ ਇਨਸਾਫ ਦਾ ਕਤਲ ਹੋਇਆ ਹੈ ਕਿ ਨਹੀਂ, ਪਰ ਇਸ ਦੇ ਉਲਟ ਜਦ ਆਪ ਹਿੰਦ ਵਲ ਤੁਰੇ ਸੌ ਤਾਂ ਇਨਸਾਫ ! ਇਨਸਾਫ !! ਦਾ ਢੰਡੋਰਾ ਫੇਰ ਦਿਤਾ ਸੀ ਤੇ ਹਿੰਦੀਆਂ ਦੇ ਹਿਰਦਿਆਂ ਨੂੰ ਵੀ ਕੁਝ ਸ਼ਾਂਤ ਹੋਂਦੀ ਸੀ ਕਿ ਲੈਹ ਲਾਰਡ ਰੀਡਿੰਗ ਸਾਡੇ ਅਲੇ ਫੱਟਾਂ ਤੇ ਮਲ੍ਹਮ ਲਗਾਨ ਲਈ ਆਏ ਹਨ ਪਰ ਅੱਜ ਇਸ ਇਨਸਾਫ ਦਾ ਪਕਾ ਸਬੂਤ ਮਿਲ ਰਿਹਾ ਹੈ ਤੇ ਪਤਾ ਲਗ ਰਿਹਾ ਹੈ ਕਿ ਅਸਲ ਵਿਚ ਇਨਸਾਫ ਦੇ ਪੜਦੇ ਵਿਚ ਲੁਕੀ ਖੂਨੀ ਕਲਮ ਕਮ ਕਰ ਰਹੀ ਹੈ।

ਜਦ ਮਾਈ ਲਾਰਡ ਦੇ ਔਣ ਦੀ ਖਬਰ ਅਖਬਾਰਾਂ ਵਿਚ ਛਪੀ ਤਾਂ ਮੈਂ ਪਰਚਾ ਲੈਕੇ ਆਪਣੇ ਮਕਾਨ ਤੇ ਆਇਆ ਤੇ ਖੁਸ਼ੀ ਖੁਸ਼ੀ ਵਰਕੇ ਪਲਟੇ ਤੇ ਅਜੇ ਮੈਂ ਲਾਰਡ ਦਾ ਲਫਜ਼ ਹੀ ਪੜ੍ਹਿਆ ਸੀ ਕਿ ਬਿਜਲੀ ਝੁਝ ਗਈ ਮੇਰੇ ਦਿਲ ਤੇ ਬੜਾ ਅਸਰ ਹੋਇਆ ਤੇ ਸੋਚਿਆ ਕਿ ਇਹ ਕੀ ਪੈਗਾਂਮ ਹੈ ਪਰ ਕੁਝ ਸਮਝ ਨਾ ਪਈ ਅੱਜ ਉਹ ਵੇਲਾ ਯਾਦ ਆ ਰਿਹਾ ਹੈ ਕਿ ਠੀਕ ਉਸ ਵੇਲੇ ਕਿਸੇ ਤਾਕਤ ਨੇ ਦਸ ਦਿੱਤਾ ਸੀ ਕਿ ਜਿਸ ਲਾਰਡ ਨੂੰ ਆਪ ਇਨਸਾਫ ਦੀ ਮੁਜਸਮ ਸੂਰਤ ਸਮਝ ਰਹੇ ਹੋ ਉਹ ਅਸਲ ਵਿਚ ਇਸ ਕਾਲੀ ਰਾਤ ਦੇ ਅੰਧੇਰੇ ਵਤ ਇਨਸਾਫ ਦਾ ਪੜਦਾ ਬਦਲੇਗਾ ॥

# ਮਾਈ ਲਾਰਡ ਦੇ ਇਨਸਾਫ ਦੇ ਨਮੂਨੇ

(੧) ਅਜੇ ਮਾਈ ਲਾਰਡ ਨੇ ਹਿੰਦ ਵਿੱਚ ਕਦਮ ਰਖਿਆ ਹੀ ਸੀ ਕਿ ਇਨਸਾਫ ! ਇਨਸਾਫ !! ਦੀਆਂ ਅਵਾਜ਼ਾ ਕੰਨਾਂ ਤਕ ਪੌਹਚਣ ਲਗੀਆਂ ਤੇ ਅਖਬਾਰਾਂ ਦੇ ਕਾਲਮਾਂ ਦੇ ਕਾਲਮ ਕਾਲੇ ਹੋਣ ਲਗੇ ਕਿ ਇਨਸਾਫ ਅਵਤਾਰ ਧਾਰਕੇ ਲਾਰਡ ਰੀਡਿੰਗ ਦੀ ਸ਼ਕਲ ਵਿਚ ਹਿੰਦੀਆਂ ਦੇ ਅਲੇ ਫੱਟਾਂ ਤੇ ਮਲਮ ਲਾਨ ਆਇਆ ਹੈ। ਠੀਕ ਏਨਾਂ ਅਖਰਾਂ ਤੇ ਲਾਰਡ ਰੀਡਿੰਗ ਨੇ ਫੁਲ ਝੜਾਏ ਔਂਦਿਆਂ ਹੀ ਭਾਰਤ ਮਾਤਾ ਦੇ ਸਪੂਤ ਮਹਾਤਮਾ ਗਾਂਧੀ ਜੀ ਨੂੰ ਬਗਾਵਤ ਦਾ ਮੁਕੱਦਮਾ ਘੜ ਆਪ ਨੂੰ ੬ ਸਾਲ ਲਈ ਕਾਲ ਕੋਠੜੀ ਵਿਚ ਡੱਕ ਦਿੱਤਾ ॥

ਇਹ ਉਹ ਮਹਾਤਮਾ ਜੀ ਹਨ ਜਿਨਾਂ ਦੇ ਨਾਮ ਤੋਂ ਕੁਲ ਦੁਨੀਆਂ ਵਾਕਫ ਹੈ ਤੇ ਜਿਨਾਂ ਨੇ ਸ਼ਾਂਤਮਈ ਧਾਰਨ ਕੀਤੀ ਹੋਈ ਹੈ ਪਰ ਸਾਡੇ ਇਨਸਾਫ ਦੇ ਪੁਤਲੇ ਲਾਰਡ ਰੀਡਿੰਗ ਨੂੰ ਇਸ ਵਿਚੋਂ ਬਗਾਵਤ ਦੀ ਬੂ ਆ ਰਹੀ ਹੈ ਇਹ ਤਾਂ ਉਹ ਗਲ ਹੈ ਕਿ "ਨਾ ਮੀਏਂ ਦਾ ਮਿਸਰੀ ਖਾਂ ਮੂੰਹ ਪਾਈਏ ਤਾਂ ਸਵਾਹ ਵੀ ਨਾ" ਠੀਕ ਏਹੋ ਘਟਨਾ ਅੱਜ ਸਾਡੇ ਇਨਸਾਫ ਦੇ ਪੁਤਲੇ ਤੇ ਘਟਦੀ ਹੈ ॥

(੨) ਏਥੇ ਹੀ ਬਸ ਨਹੀਂ ਸਗੋਂ ਕਾਂਗ੍ਰਸ ਕਮੇਟੀ ਦੇ ਉਘੇ ੨ ਤੇ ਪਤਵੰਤੇ ਲੀਡਰ ਸਾਰੇ ਦੇ ਸਾਰੇ ਕਾਲ ਕੋਠੜੀਆਂ ਵਿਚ ਡੱਕ ਦਿੱਤੇ ਤੇ ਅਲੇ ਫੱਟਾਂ ਤੇ ਠੀਕ ਇਨਸਾਫ ਦੀ ਮਲਮ ਲਾਈ॥

(੩) ਸ੍ਰੀ ਮਾਨ ਬਾਬਾ ਗੁਰਦਿਤ ਸਿੰਘ ਜੀ ਪ੍ਰਬੰਧਕ ਗੁਰੂ ਨਾਨਕ ਜਹਾਜ਼ ਤੇ ਜੋ ਜੋ ਅਤਿਜਾਚਾਰ ਤੇ ਜ਼ੁਲਮ ਹੋਏ ਉਹ ਕੁਝ

ਲੁਕੇ ਛਿਪੇ ਨਹੀਂ ਹਨ ਅਜੇ ਕਾਲ ਕੋਠੜੀ ਤੋਂ ਬਾਹਰ ਆਏ ਹੀ ਸਨ ਕਿ ਆਪ ਤੇ ਇਕ ਹੋਰ ਮੁਕੱਦਮਾ ਖੜਾ ਕਰ ਦਿੱਤਾ ਕਿ ਕਿਤੇ ਇਨਸਾਫ ਦਾ ਪਾਜ ਹੀ ਨਾ ਉਘੜ ਜਾਏ। ਤੇ ੫ ਸਾਲ ਲਈ ਫੇਰ ਕਾਲ ਕੋਠੜੀ ਵਚ ਬੰਦ ਕਰ ਦਿੱਤਾ।

(੪) ਸਿਖ ਕੌਮ ਦੇ ਧਾਰਮਕ ਕੰਮਾਂ ਵਿਚ ਸਭ ਤੋਂ ਵਡਾ ਹੱਲਾ ਕੁੰਜੀਆਂ ਵੇਲੇ ਕੀਤਾ ਜਦ ਸ੍ਰੀ ਦਰਬਾਰ ਸਾਹਿਬ ਦੀਆਂ ਚਾਬੀਆਂ ਖੋਹ ਲਈਆਂ ਤੇ ਐਲਾਨ ਕੀਤਾ ਕਿ ਸ੍ਰੋ: ਗੁ: ਪ੍ਰ: ਕਮੇਟੀ ਪੰਥ ਦੀ ਚੁਣੀ ਹੋਈ ਨਹੀਂ ਸਗੋਂ ਇਕ ਫਾਲਤੂ ਜਮਾਤਹੈ। ਜਦ ਇਸ ਦੀ ਵਰੋਧਤਾ ਹੋਂਦੀ ਵੇਖੀ ਤੇ ਸਿਖ ਕੌਮ ਨੇ ਇਕ ਮੁਠ ਹੋਕੇ ਨੌਕਰਸ਼ਾਹੀ ਚਾਟੜਿਆਂ ਦਾ ਮੁਕਾਬਲਾ ਕੀਤਾ ਤਾਂ ਨੌਕਰਸ਼ਾਹੀ ਨੇ ਹਾਰ ਮਨ ਸਿਖ ਲੀਡਰਾਂ ਨੂੰ ਤੇ ਹੋਰ ਪ੍ਰਵਾਨਿਆਂ ਨੂੰ ਰਿਹਾ ਕਰਕੇ ਕੁੰਜੀਆਂ ਪੰਥ ਦੇ ਜਥੇਦਾਰ (ਬੇਤਾਜ ਬਾਦਸ਼ਾਹ) ਸ੍ਰ: ਖੜਕ ਸਿੰਘ ਜੀ ਦੇ ਹਵਾਲੇ ਕੀਤੀਆਂ।

(੫) ਸਾਡਾ ਖਿਆਲ ਸੀ ਕਿ ਇਨਸਾਫ ਦਾ ਪੁਤਲਾ ਏਨਾਂ ਹੀ ਇਨਸਾਫ ਕਰਕੇ ਛਡ ਦੇਵੇਗਾ ਪਰ ਜੋਹੜਾ ਇਨਸਾਫ ਦਾ ਹੀ ਪੁਤਲਾ ਹੋਵੇ ਉਹ ਕਿਵੇਂ ਇਨਸਾਫ ਨਾ ਵਖਾਵੇ ਇਕ ਵਾਰ ਫੇਰ ਗੁਰੂ ਬਾਗ ਵੇਲੇ ਖੂਨੀ ਡਰਾਮਾ ਰਚਿਆ ਤੇ ਸਿਖ ਲੀਡਰਾਂ ਨੂੰ ਕਾਲ ਕੋਠੜੀਆਂ ਵਿਚ ਡਕ ਕੇ ਸ੍ਰੋ: ਅਕਾਲੀ ਦਲ ਤੇ ਖੂਬ ਇਨਸਾਫਦੀ ਡਾਂਗ ਚਲਾਈ ਤੇ ਆਖਰ ਕਾਰ ਏਥੋਂ ਵੀ ਲਾਰਡ ਰੀਡਿੰਗ ਦੇ ਚਾਟੜੇ ਆਪਣੇ ਖੁਦਾ ਦਾ ਇਨਸਾਫ ਦਸਕੇ ਪਿਛੇ ਹਟ ਗਏ ਤੇ ਖਾਲਸੇ ਦੀ ਫਤੇ ਹੋਈ॥

(੬) ਉੱਪਰ ਲਿਖੇ ਸਾਰੇ ਇਨਸਾਫ ਤਾਂ ਇਨਸਾਫ ਦੇ ਪੈਹਲੇ ਪੜਦੇ ਤੇ ਦਿਖਾਈ ਦਿਤੇ ਤੇ ਹੁਣ ਦੂਜਾ ਪੜਦਾ ਬਦਲਿਆ ਜਿਸ ਦੇ ਵੇਖਦਿਆਂ ਹੀ ਲਾਰਡ ਰੀਡੰਗ ਦੇ ਰੀਡੰਗ ਸ਼ਾਹੀ ਇਨ-ਸਾਫ ਦਾ ਪੂਰਾ ਭਰੋਸਾ ਹੋ ਗਿਆ ਅਜ ਇਸ ਪੜਦੇ ਤੇ ਨਵਾਂ ਹੀ ਰੰਗ ਖਿੜਿਆ ਤੇ ਸਿਖਾਂ ਦੀ ਮਨੀ ਪ੍ਰਮਨੀ ਸ੍ਰੋ: ਗੁ: ਪ੍ਰ: ਕਮੇਟੀ ਤੇ ਸ੍ਰੋ: ਅਕਾਲੀ ਦਲ ਨੂੰ ਕਾਨੂੰਨ ਵਿਰੁਧ ਜਮਾਤ ਦਸਿਆ ਤੇ ਉਨ੍ਹਾਂ ਨਾਲ ਸਨਬੰਦ ਰਖਣ ਵਾਲਿਆਂ ਨੂੰ ਬਾਗੀ ਦਸ ਰਿਹਾ ਹੈ ॥

ਕੀ ਅਸੀਂ ਇਸ ਤੋਂ ਇਹ ਅਨਭਵ ਕਰ ਸਕਦੇ ਹਾਂ ਸਿਰਫ ਮੈਂਬਰ ਹੀ ਬਾਗੀ ਹਨ ਨਹੀਂ ! ਨਹੀਂ ! ਸਗੋਂ ਅੱਜ ਇਨਸਾਫ ਦਾ ਪੁਤਲਾ ਸਾਰੀ ਸਿਖ ਕੌਮ ਨੂੰ ਦਾਵਤ ਦੇ ਰਿਹਾ ਹੈ ਕਿ "ਆਵੋ ਅਤੇ ਮੇਰੇ ਇਨਸਾਫ ਦਾ ਮਜ਼ਾ ਚਖੋ" ਤੇ ਨਾਲ ਮਹਾਂਰਾਜਾ ਨਾਭਾ ਨੂੰ ਘਰੋਂ ਬੇਘਰ ਤੇ ਤਖਤੋਂ ਬੇਤਖਤ ਕਰ ਇਨਸਾਫ ਦਾ ਨਮੂਨਾ ਦਸਿਆ ਹੈ ਇਹ ਉਹ ਰਿਆਸਤ ਹੈ ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਘਰ ਦਸਿਆ ਸੀ ਤੇ ਵਰ ਦਿਤਾ ਸੀ

"ਤੇਰਾ ਘਰ ਸੋ ਮੇਰਾ ਘਰ"

ਅਜ ਉਸ ਗੁਰੂ ਦੇ ਘਰ ਨੂੰ ਮਾਣੀ ਲਾਰਡ ਦੇ ਇਨਸਾਫ ਨੇ ਤਬਾਹ ਕਰ ਦਿਤਾ ਤੇ ਜਦ ਸ੍ਰੋਮਨੀ ਕਮੇਟੀ ਨੇ ਐਲਾਨ ਕੀਤਾ ਕਿ ਅਸੀ ਨਾਭੇ ਸੰਬੰਧੀ ਸਾਰੇ ਪੋਲ ਖੋਲ ਦਿਆਂਗੇ ਤਾਂ ਸਾਰੇ ਮਿੰਬ੍ਰਾਂ ਨੂੰ ਬਗਾਵਤ ਦਾ ਮੁਕੱਦਮਾ ਬਨਾਕੇ ਬਾਗੀ ਦਸ ਕਾਲ ਕੋਠੜੀਆਂ ਵਿਚ ਡਕ ਦਿਤਾ।

# ਪਟਿਆਲਾ ਤੇ ਨਾਭਾ ਦੇ ਅਠ ਮੁਕੱਦਮੇ ਕੀ ਸਨ ?
# ਰੀਡਿੰਗ ਸ਼ਾਹੀ ਇਨਸਾਫ ਦਾ ਨਮੂਨਾ !
## ਮੁਕੱਦਮਾ ਨੰਃ ੧

ਥੋੜਾ ਹੀ ਸਮਾ ਬੀਤਿਆ ਹੈ ਕਿ ਇਕ ਇਸਤ੍ਰੀ ਜਿਸਦਾ ਨਾਮ ਈਸ਼ਰੀ ਸੀ ਯਾ ਈਸ਼ਰੋ ਸੀ ਤੇ ਰਿਆਸਤ ਨਾਭਾ ਦੀ ਰੈਹਣ ਵਾਲੀ ਸੀ, ਅਪਣਾ ਗੈਹਣਾ ਗਟਾ ਲੈਕੇ ਨਾਭੇ ਦੇ ਇਕ ਨਾਜ਼ਮ ਦੇ ਜਵਾਈ ਨਾਲ ਨਿਕਲਕੇ ਲਾਹੌਰ ਚਲੀ ਗਈ ਅਤ ਜਦੋਂ ਉਸਦੀ ਗ੍ਰਿਫਤਾਰੀ ਦੇ ਵਾਰੰਟ ਨਿਕਲੇ ਤਾਂ ਉਹ ਰਿਆਸਤ ਪਟਿਆਲੇ ਵਿਚ ਚਲੀ ਗਈ ਅਤੇ ਜਦੋਂ ਰਿਆਸਤ ਨਾਭਾ ਦੀ ਪੁਲਸ ਨੇ ਜਾਕੇ ਗ੍ਰਿਫਤਾਰ ਕੀਤਾ ਤਾਂ ਰਿਆਸਤ ਪਟਿਆਲਾ ਦੇ ਹਾਕਮਾਂ ਨੇ ਦੇਣੋਂ ਨਾ ਕਰ ਦਿਤੀ ਤੇ ਸਗੋਂ ਉਸਨੂੰ ਖੁਫੀਆ ਪੁਲਸ ਵਿਚ ਨੌਕਰ ਰਖ ਲਿਆ । ਏਸੇ ਹੀ ਝਗੜੇ ਤੇ ਦੋਨਾਂ ਹੀ ਰਿਆਸਤਾਂ ਦਾ ਲੈਨ ਦੇਨ ਬੰਦ ਹੋ ਗਿਆ । ਅਤ ਪਟਿਆਲੇ ਦਾ ਬਿਆਨ ਹੈ ਕਿ ਇਹ ਔਰਤ ਪਟਿਆਲਿਓਂ ਨਾਭੇ ਜ਼ਬਰਦਸਤੀ ਯਾ ਧੋਖੇ ਨਾਲ ਲੈ ਗਏ ਹਨ ਅਤੇ ਓਥੇ ਪੋਲੀਸ ਦੇ ਕਬਜ਼ੇ ਵਿਚ ਰਖੀ ਗਈ ?

ਇਹ ਮੁਕੱਦਮਾ ਉਨਾਂ ਅਠ ਮੁਕੱਦਮਿਆਂ ਵਿਚੋਂ ਹੈ ਜੇਹੜੇ ਕਿ ਮਹਾਰਾਜਾ ਪਟਿਆਲਾ ਨੇ ਮਹਾਰਾਜਾ ਨਾਭਾ ਦੇ ਵਿਰੁਧ ਕੀਤੇ ਸੀ। ਅਤੇ ਇਹੋ ਹੀ ਮੁਕੱਦਮਾ ਹੈ ਜਿਸਦੀ ਬਾਬਤ ਇਨਸਾਫ ਦਿਆਂ ਪੁਤਲਿਆਂ ਐਲਾਨ ਕੀਤਾ ਸੀ ਕਿ ਪਟਿਆਲਾ ਇਸਨੂੰ ਸਾਬਤ ਨਹੀਂ ਕਰ ਸਕਿਆ ॥

## ਮੁਕੱਦਮਾ ਨੰਬਰ ੨

ਪਟਿਆਲਾ ਪੁਲਸ ਦਾ ਇਕ ਸਬ-ਇਨਸਪੈਕਟਰ ਜਿਸ ਦਾ ਨਾਮ ਅਬਦੁਲ ਅਜ਼ੀਜ਼ ਹੈ ਅਤੇ ਜਿਸਨੂੰ ਟਿਕਾ ਸਾਹਿਬ ਨਾਭਾ ਦੇ ਸਾਲਗਿਰਾ ਦੇ ਜਲਸੇ ਵਾਲੀ ਰਾਤ ਇਕ ਔਰਤ ਦੀ ਸ਼ਕੈਤ ਤੇ ਅਦਾਲਤ ਨਾਭਾ ਵਿਚੋਂ ਸਜ਼ਾ ਹੋਈ ॥

ਇਹ ਮੁਕੱਦਮਾ ਵੀ ਪਟਿਆਲੇ ਨੇ ਨਾਭੇ ਦੇ ਵਿਰੁਧ ਸਪੈਸ਼ਲ ਕਮਸ਼ਿਨਰ ਦੇ ਪੇਸ਼ ਕੀਤਾ ਤੇ ਪਟਿਆਲਾ ਵਾਲਿਆਂ ਨੇ ਕਿਹਾ ਕਿ ਇਹ ਸਬ-ਇਨਸਪੈਕਟਰ ਅਸਲ ਵਿਚ ਡਾਕੂ ਜਿਸਦਾ ਨਾਂਉ ਵੀਰ ਸਿੰਘ ਸੀ, ਦੀ ਖੁਫੀਆ ਤਫਤੀਸ਼ ਕਰ ਰਿਹਾ ਸੀ ਤੇ ਮਹਾਰਾਜਾ ਨਾਭਾ ਨੇ ਝੂਠਾ ਮੁਕੱਦਮਾ ਖੜਾ ਕਰਕੇ ਐਂਵੇਹੀ ਪਕੜ ਲਿਆ ਸੀ ॥

ਇਸ ਮੁਕੱਦਮੇਂ ਦਾ ਪਟਿਆਲੇ ਦੇ ਹਕ ਵਿੱਚ ਫੈਸਲਾ ਹੋ ਗਿਆ ਤੇ ਸਬ-ਇਨਸਪੈਕਟਰ ਨੂੰ ਬਰੀ ਕਰ ਦਿਤਾ।

## ਮੁਕੱਦਮਾ ਨੰਬਰ ੩

ਅਬਦੁਲ ਅਜ਼ੀਜ਼ ਦੀ ਗ੍ਰਿਫਤਾਰੀ ਦੇ ਪਿਛੋਂ ਪਟਿਆਲੇ ਵਿਚ ਨਾਭੇ ਦੇ ਕਈ ਆਦਮੀ ਗ੍ਰਿਫਤਾਰ ਹੋਕੇ ਸਜਾਵਾਂ ਪਾ ਚੁਕੇ ਸਨ, ਇਕ ਨਾਭੇ ਦੀ ਪੁਲਸ ਦਾ ਨੌਕਰ ਅਰਜਨ ਸਿੰਘ ਅਸਟੇਸ਼ਨ ਧੂਰੀ ਦੇ ਮੁਸਾਫਰ ਖਾਨੇ ਵਿਚੋਂ ਚੁਕਿਆ ਗਿਆ ਸੀ ਜੋ ਕਿ ਅਖੀਰ ਪਟਿਆਲੇ ਵਿਚ ਹੀ ਮਰ ਗਿਆ ਸੀ ਇਸਤੋਂ ਬਿਨਾ ਅਕਾਲੀਆਂ ਤੇ ਸਖਤੀਆਂ ਰਿਆਸਤ ਪਟਿਆਲਾ ਵਿਚੋਂ ਨੌਕਰਸ਼ਾਹੀ ਦੇ ਨਾਲ ਹੀ ਆਰੰਭ ਹੋ ਚੁਕੀਆਂ ਸਨ । ਪਟਿਆਲਾ ਪੁਲਸ

ਨਾਭੇ ਦੀ ਸਰਹਦ ਤੇ ਅਕਾਲੀਆਂ ਦੀ ਗ੍ਰਿਫਤਾਰੀ ਲਈ ਫਿਰਦੀ ਰਹਿੰਦਾ ਸੀ ਅਤੇ ਲੁਟ ਭੀ ਮਚਾਈ ਹੋਈ ਸੀ ਇਸ ਵੇਲੇ ਵਸਾਖੀ ਵਾਲੇ ਦਿਨ ਦੋ ਅਕਾਲੀਆਂ ਨੇ ਪਿੰਡ ਵਾਲਿਆਂ ਦੀ ਮਦਦ ਨਾਲ ਬਾਹਰ ਖੇਤਾਂ ਵਿਚ ਸਰਹਦ ਦੇ ਨੇੜੇ ਪਟਿਆਲੇ ਦੀ ਪੁਲਸ ਦੇ ਬਿਆਂਨਾ ਦੇ ਅਨਕੂਲ ਸਾਰਜੰਟ ਯਾਕੂਬ ਅਲੀ ਨੂੰ ਧਨੌਲਾ ਪੁਲਸ ਨਾਭਾ ਦੇ ਪੇਸ਼ ਕੀਤਾ, ਦੋ ਬਦਮਾਸ਼ਾਂ ਦੀ ਮਦਦ ਨਾਲ ਇਸਨੇ ਅਕਾਲੀਆਂ ਪਾਸੋਂ ਰੁਪਿਆਂ ਖੋਹ ਲਿਆ ਸੀ। ਰਿਆਸਤ ਨਾਭਾ ਦਾ ਉਹ ਪਿੰਡ ਇਹੋ ਜੇਹੀ ਥਾਂ ਤੇ ਹੈ ਕਿ ਜਿਸਦੇ ਚਾਰੇ ਪਾਸੇ ਰਿਆਸਤ ਪਟਿਆਲਾ ਦਾ ਅਲਾਕਾ ਹੈ। ਰਿਆਸਤ ਨਾਭਾ ਦੀ ਅਦਾਲਤ ਦੇ ਸਾਹਮਣੇ ਮੁਲਜ਼ਮ ਨੇ ਆਪਣਾ ਜੁਰਮ ਮਨ ਲਿਆ ਤੇ ਉਸਨੇ ਕਿਹਾ ਕਿ ਉਸਨੇ ਆਪਣੇ ਅਫਸਰਾਂ ਦੇ ਕਹੇ ਇਹ ਕੰਮ ਕੀਤਾ ਸੀ ਉਸਨੇ ਦਸਿਆ ਕਿ ਉਸਨੂੰ ਇਨਸਪੈਕਟਰ ਜਨਰਲ ਪੁਲਸ ਦਾ ਹੁਕਮ ਸੀ ਕਿ ਨਾਭੇਦੀਰਿਆਇਆਨੂੰ ਤੰਗਕੀਤਾ ਜਾਵੇ॥

ਸਾਰਜੰਟ ਨੂੰ ਨਾਭੇ ਦੀ ਅਦਾਲਤ ਵਿਚੋਂ ਕੈਦ ਤੇ ਜੁਰਮਾਨੇ ਦੀ ਸਜ਼ਾ ਹੋਈ॥

ਇਹ ਮੁਕੱਦਮਾਭੀ ਪਟਿਆਲਾ ਨੇ ਨਾਭੇ ਦੇ ਵਿਰੁਧ ਦਾਇਰ ਕੀਤਾ ਤੇ ਬਿਆਨ ਦਿਤਾ ਕਿ ਰਿਆਸਤ ਨਾਭਾ ਅਕਾਲੀਆਂ ਦੀ ਮਦਦਗਾਰ ਹੈ ਤੇ ਇਨਾ ਅਕਾਲੀਆਂ ਦੀ ਮਦਦ ਨਾਲ ਇਹ ਝੂਠਾ ਮੁਕੱਦਮਾ ਬਣਾਕੇ ਕੈਦ ਤੇ ਜੁਰਮਾਨਾ ਕੀਤਾ ਹੈ ਸਗੋਂ ਉਹ ਅਫਸਰ ਤਾਂ ਸਰਹੱਦ ਤੇ ਅਕਾਲੀ ਮੁਲਜਮਾਂ ਦੀ ਢੂੰਡ ਵਿਚ ਫਿਰਦਾ ਸੀ।

ਇਸ ਮੁਕੱਦਮੇ ਦਾ ਸਪੈਸ਼ਲ ਮੈਜਿਸਟ੍ਰੇਟ ਨੇ ਮਹਾਰਾਜ ਨਾਭਾ ਦੇ ਵਿਰੁਧ ਫੈਸਲਾ ਦਿਤਾ ਤੇ ਮੁਲਜ਼ਮ ਨੂ ਰਿਹਾ ਕਰ ਦਿਤ॥

## ਮੁਕੱਦਮਾ ਨੰਬਰ ੪

ਉਪਰ ਦੇ ਮੁਕੱਦਮੇ ਦੇ ਮੁਲਜ਼ਮ ਯਾਕੂਬ ਅਲੀ ਦੇ ਥਾਨਾ ਧਨੌਲਾ ਰਿਆਸਤ ਨਾਭਾ ਵਿਚ ਗ੍ਰਿਫਤਾਰ ਹੋ ਜਾਂਣਦੇ ਪਿਛੋਂ ਰਿਆਸਤ ਪਟਿਆਲਾ ਨੇ ਅਲਾਕਾ ਰਿਆਸਤ ਨਾਭਾ ਤੇ ਜਿਸ ਵਿਚ ਥਾਨਾ ਧਨੌਲਾ ਵਾਕਿਆ ਸੀ ਫੌਜਲੈਕੇ ਹਲਾ ਕਰਦਿਤਾਤੇ ਘੇਰਾ ਘਤ ਲਿਆ ਕਿਉਂਕਿ ਓਥੋਂ ਨਾਭਾ ਸਦਰ ਰਿਆਸਤ ਨੂ ਮੁਲਜ਼ਮ ਬਨਾਨ ਲਈ ਅਲਾਕਾ ਪਟਿਆਲਾ ਵਿਚੋਂ ਦੀ ਲੰਘਨ ਤੋਂ ਬਿਨਾ ਗੁਜ਼ਾਰਾ ਨਹੀਂ ਸੀ ਇਸ ਕਰਕੇ ਪੁਲਸ ਨੇ ਰਿਆਸਤ ਨਾਭਾ ਥਾਨਾ ਧਨੌਲਾ ਤੋਂ ਸਦਰ ਮੁਕਾਮ ਜਿਲਾ ਫੂਲ ਵਿਚ ਪੁਚਾਨਾ ਜਰੂਰੀ ਖਿਆਲ ਕੀਤਾ ਜਿਥੇ ਕਿ ਉਸਦੇ ਮੁਕੱਦਮੇ ਦਾ ਫੈਸਲਾ ਹੋਇਆ।

ਪਰ ਫੂਲ ਨੂੰ ਲਜਾਦਿਆਂ ਹੋਇਆਂ ਵੀ ਇਕ ਥਾਂ ਐਸਾ ਔਂਦਾ ਸੀ ਜਿਥੇ ਕਿ ਦੋਵੇਂ ਪਾਸੇ ਰਿਆਸਤ ਪਟਿਆਲਾ ਦਾ ਅਲਾਕਾ ਸੀ ਅਤੇ ਵਿਚਕਾਰੇ ਕੇਵਲ ਅਧੇ ਮੀਲ ਦੀ ਚੁੜਾਈ ਤੇ ਰਿਆਸਤ ਨਾਭੇ ਦਾ ਅਲਾਕਾ ਸੀ ਪਟਿਆਲਾ ਨੇ ਇਸ ਥਾਂ ਤੋਂ ਮੁਲਜ਼ਮਾਂ ਨੂੰ ਜਬਰਨ ਖੋਹਣ ਦਾ ਠੀਕ ਵੇਲਾ ਤਾੜਿਆ ਤੇ ਹਲਾ ਬੋਲ ਦਿੱਤਾ ਪਰ ਹਨੇਰੀ ਐਨੀ ਜ਼ੋਰਾਂ ਦੀ ਆਈ ਕਿ ਰਿਆਸਤ ਨਾਭਾ ਦੇ ਆਦਮੀ ਬਚਕੇ ਨਿਕਲ ਗਏ ਤੇ ਮੁਲਜ਼ਮ ਨੂੰ ਫੂਲ ਜਾ ਪੁਚਾਇਆ॥

ਪਟਿਆਲਾ ਨੇ ਨਾਭਾ ਦੇ ਵਿਰੁਧ ਇਹ ਮੁਕੱਦਮਾ ਵੀ ਦਾਇਰ ਕੀਤਾ ਕਿ ਨਾਭਾ ਪੁਲਸ ਮੁਲਜ਼ਮ ਨੂੰ ਪਟਿਆਲੇ ਦੇ ਅਲਾਕੇ ਵਿਚੋਂ ਦੀਲੈਕੇ ਲੰਘੀ ਹੈ ਅਤੇ ਪਟਿਆਲਾ ਪੁਲਸ ਤੇਗੋਲੀ

ਚਲਾਈ ਹੈ ਜੇਹੜੀ ਲਗੀ ਕਿਸੇ ਦੇ ਨਹੀਂ ਏਸ ਮੁਕੱਦਮੇ ਦਾ ਵੀ ਪਟਿਆਲੇ ਦੇ ਹੱਕ ਵਿਚ ਫੈਸਲਾ ਹੋਇਆ।

## ਮੁਕੱਦਮਾਂ ਨੰ: ੫

ਇਸ ਉਪਰਲੇ ਮੁਕੱਦਮੇਂ ਦੇ ਬਾਰੇ ਰਿਆਸਤ ਨਾਭਾ ਦੀ ਪਟਿਆਲੇ ਦੇ ਵਿਰੁਧ ਸ਼ਕੈਤ ਸੀ ਕਿ ਜਦੋਂ ਨਾਭੇ ਦੀ ਪੁਲਸ ਮੁਲਜ਼ਮ ਨੂੰ ਲੈਕੇ ਉਸ ਰਸਤੇ ਥਾਣੀ ਲੰਘੀ ਜੇਹੜਾ ਕਿ ਆਮ ਰਸਤਾ ਹੈ ਤੇ ਜਿਥੋਂ ਦੀ ਲੰਘਨਾ ਇਨ੍ਹਾਂ ਦਾ ਚਰੋਕਾ ਹੱਕ ਸੀ ਤਾਂ ਪਟਿਆਲਾ ਪੁਲਸ ਤੇ ਫੌਜ ਵਲੋਂ ਮੁਲਜ਼ਮ ਨੂੰ ਛੁੜਾਨ ਲਈ ਧਾਵਾ ਕੀਤਾ ਤੇ ਗੋਲੀ ਚਲਾਈ ਅਤੇ ਐਸਾ ਕਰਨਾ ਐਹਦਨਾਮੇ ਦੇ ਵਿਰੁਧ ਸੀ, ਨਾਭੇਦਾ ਇਹ ਮੁਕੱਦਮਾ ਨਾ ਮਨਜ਼ੂਰ ਕੀਤਾਗਿਆ ਕਿਉਂਕਿ ਇਸ ਦੇ ਮੁਕਾਬਲੇ ਤੇ ਮੁਕੱਦਮਾ ਨੰ: ੪ ਦਾ ਫੈਸਲਾ ਪਟਿਆਲੇ ਦੇ ਹੱਕ ਵਿੱਚ ਕੀਤਾ ਗਿਆ ਹੈ ਜਿਸ ਦਾ ਅਵਸ਼ ਇਹ ਫਲ ਹੋਇਆ ਕਿ ਨਾਭੇ ਨੂੰ ਇਸ ਮੁਕੱਦਮੇ ਵਿੱਚ ਸੁਫ ਲਤਾ ਨਾਹੋਈ॥

## ਮੁਕੱਦਮਾ ਨੰਬਰ ੬

ਜਦੋਂ ਮੁਕੱਦਮੇਂ ਨੰ: ੨ ਵਿੱਚ ਅਬਦੁਲ ਅਜ਼ੀਜ਼ ਨਾਭੇ ਵਿਖੇ ਫੜਿਆ ਗਿਆ ਸੀ ਤਦੋਂ ਪਟਿਆਲਾ ਪੁਲਸ ਦੀ ਇਹ ਕੋਸ਼ਸ਼ ਸੀ ਕਿ ਕਿਸੇ ਤਰਾਂ ਉਸ ਔਰਤ ਨੂੰ ਨਾਭੇ ਵਿੱਚੋਂ ਭਜਾਕੇ ਲੈ ਜਾਇਆ ਜਾਵੇ ਕਿਉਂਕਿ ਰਿਆਸਤ ਨਾਭਾ ਵਿੱਚ ਮੁਲਜ਼ਮ ਦੇ ਵਿਰੁਧ ਮੁਕੱਦਮਾ ਕਰਨ ਤੋਂ ਪੈਹਲੇ ਹੀ ਪੁਲਸ ਪਟਿਆਲਾ ਰਿਆਸਤ ਤੋਂ ਬਾਹਰ ਅਰਥਾਤ ਪੋਲੀਟੀਕਲ ਏਜੰਟ ਕੌਲ (ਜਿਸ ਦੇ ਵਿਰੁਧ ਪੈਹਲੋਂ ਹੀਰਿਆਸਤ ਨਾਭਾਦੀਸ਼ਕੈਤ ਸੀ ਕਿ ਰਿਆਸਤ

ਪਟਿਆਲਾ ਦੀ ਤਰਫਦਾਰੀ ਕੀਤੀ ਜਾਂਦੀ ਹੈ) ਖੁਫੀਆ ਸਾਜ਼ਸ਼ ਕਰ ਰਹੇ ਸਨ ਅਤੇ ਉਸੇ ਅਵੱਲੇ ਤੇ ਨਰਾਲੇ ਹੀ ਢੰਗ ਨਾਲ ਬਿਆਨ ਦਾਖਲ ਕੀਤੇ ਜਾਂਦ ਸਨ ਅਤੇ ਪਟਿਆਲੇ ਦੀ ਇਹ ਵੱਡੀ ਮਰਜ਼ੀ ਸੀ ਕਿ ਉਸ ਇਸਤ੍ਰੀ ਨੂੰ ਵੀ ਆਪਣੇ ਵਸ ਵਿੱਚ ਲਿਆਕੇ ਉਹ ਏਜੰਟ ਦੇ ਸਾਮਣੇ ਬਿਆਨ ਦਾਖਲ ਕੀਤੇ ਜਾਣ ਕਿ ਮੁਕੱਦਮੇਂ ਫਰਜ਼ੀ ਤੇ ਝੂਠਾ ਸੀ ਅਖੀਰ ਨੂੰ ਉਸ ਇਸਤ੍ਰੀ ਨੂੰ ਸ਼ੈਹਰ ਨਾਭੇ ਵਿਚੋਂ ਬਾਹਰ ਕਢਣ ਦੀ ਸਾਜ਼ਸ਼ ਕੀਤੀ ਗਈ ਜਿਸ ਦਾ ਕਾਰਕੁਨ ਇਕ ਮੁਸਲਮਾਨ ਡਾਕਟ੍ਰ ਸੀ ਜਿਸ ਦੀ ਰਿਆਸਤ ਪਟਿਆਲਾ ਵਿਖੇ ਵੀ ਕਾਫੀ ਜਾਇਦਾਦ ਸੀ ਅ ਜੇਹੜਾ ਆਦਿ ਤੋਂ ਹੀ ਮਹਾਰਾਜਾ ਨਾਭਾ ਦਾ ਜਾਤੀ ਦੁਸ਼ਮਨ ਸੀ ਇਸ ਦੁਸ਼ਮਨੀ ਦੀ ਵਜਾ ਇਹ ਸੀ ਕਿ ਰਿਆਸਤ ਦੀ ਨੌਕਰੀ ਚੋਂ ਕਈ ਵੇਰੀ ਕਢਿਆ ਗਿਆ ਸੀ, ਸ਼ੈਹਰ ਨਾਭਾ ਦੇ ਇਕ ਦਰਵਾਜ਼ੇ ਤੋਂ ਰਿਆਸਤ ਪਟਿਆਲੇ ਦਾ ਇਕ ਪਿੰਡ ਦੋ ਯਾ ਤਿੰਨ ਫਰਲਾਂਗ ਤੇ ਸੀ ਜਿਥੇ ਕਿ ਪਟਿਆਲੇ ਦੀਆਂ ਮੋਟਰਾਂ ਤੇ ਪੁਲਸ ਦੇ ਕਈ ਅਫਸਰ ਤਿਆਰ ਖਲੋਤੇ ਸਨ ਤਾਕਿ ਉਸਇਸਤ੍ਰੀਨੂੰਛੇਤੀ ਤੋਂ ਛੇਤੀ ਲੈ ਜਾਇਆ ਜਾਏ ਪਰ ਉਸ ਨੀਯਤ ਸਮੇਂ ਤੋਂ ਕੁਝ ਸਮਾਂ ਪੈਹਲੋਂ ਨਾਭਾ ਪੁਲਸ ਨੂੰ ਇਸ ਸਾਜ਼ਸ਼ ਦਾ ਪਤਾ ਲਗ ਗਿਆ ਜਿਸ ਕਾਰਨ ਕਰਕੇ ਉਨ੍ਹਾਂ ਨੂੰ ਸੁਫਲਤਾ ਨਾ ਹੋਈ ਤੇ ਉਹ ਡਾਕਟ੍ਰ ਹੋਰ ਸਾਜ਼-ਸ਼ੀਆਂ ਦੇ ਨਾਲ ਗ੍ਰਿਫਤਾਰ ਹੋ ਗਿਆ ਅਤੇ ਡਾਕਟ੍ਰ ਦੀ ਤਲਾਸ਼ੀ ਲਿਆਂ ਸਬੂਤ ਵੀ ਮਿਲ ਗਿਆ ਅਤੇ ਬਾਕੀ ਦੇ ਮੁਲਜ਼ਮ ਜੇਹੜੇ ਕਿ ਰਿਆਸਤ ਪਟਿਆਲੇ ਦੇ ਸਨ ਦਾ ਮੁਕੱਦਮਾ ਮੁਲਤਵੀ ਰਖਿਆ ਗਿਆ।

ਇਹ ਮੁਕੱਦਮਾ ਰਿਆਸਤ ਨਾਭਾ ਵਲੋਂ ਪਟਿਆਲੇ ਦੇ ਵਿਰੁਧ ਪੇਸ਼ ਕੀਤਾ ਗਿਆ ਪਰ ਨਾਭੇ ਦੇ ਹੱਕ ਵਿੱਚ ਫੈਸਲਾ ਨਾ ਹੋਇਆ।

## ਮੁਕੱਦਮਾ ਨੰਃ ੭

ਰਿਆਸਤ ਨਾਭੇ ਦਾ ਇਕ ਹੋਰ ਪਿੰਡ ਜਿਸ ਦਾ ਨਾਉਂ ਧੇਧਨੀ ਹੈ ਇਸ ਤਰਾਂ ਵਸਦਾ ਹੈ ਕਿ ਉਸ ਦੇ ਚਾਰੇ ਪਾਸੇ ਅਲਾਕਾ ਪਟਿਆਲਾ ਹੈ ਮੁਕੱਦਮਾ ਨੰਃ ੩, ੪, ੫ ਦੇ ਮੁਲਜ਼ਮ ਯਾਕੂਬ ਅਲੀ ਦੀ ਗਿਫਤਾਰੀ ਦੇ ਦਿਨਾ ਵਿਚ ਜਦੋਂ ਰਿਆਸਤ ਪਟਿਆਲਾ ਦੀ ਪੁਲਸ ਤੇ ਫੌਜ ਵਲੋਂ ਹੱਲਾ ਹੋਇਆ ਤਾਂ ਇਸ ਪਿੰਡ ਤੇ ਖਾਸ ਖਿਆਲ ਰਖਿਆ ਗਿਆ ਕਿਉਂਕਿ ਇਹ ਪਿੰਡ ਰਿਆਸਤ ਪਟਿਆਲਾ ਦੇ ਧੂਰੀ ਪਿੰਡਦੀ ਜ਼ਮੀਨ ਨਾਲ ਘਿਰਿਆਹੋਇਆ ਸੀ ਅਤੇ ਧੂਰੀ ਵਿਖੇ ਥੋੜਾ ਹੀ ਸਮਾਂ ਪੈਹਲਾਂ ਸਜ਼ਾਵਾਂ ਦਿੱਤੀਆਂ ਗਈਆਂ ਸਨ ਉਹ ਕੋਈ ਲੁਕੀ ਛਿਪੀ ਗਲ ਨਹੀਂ।

ਧੂਰੀ ਦਾ ਥਾਨੇਦਾਰ ਪਟਿਆਲਾ ਦੇ ਇਨਸਪੈਕਟ੍ ਜਨਰਲ ਪੁਲਸ ਦਾ ਨਜ਼ੀਕੀ ਰਿਸ਼ਤੇਦਾਰ ਸੀ ਇਸੇ ਹੀ ਲਈ ਉਸ ਪਿੰਡ ਨੂੰ ਤੰਗ ਕਰਨ ਲਈ ਉਸ ਦੀ ਨਾਕਾ ਬੰਦੀ ਕੀਤੀ ਗਈ ਅਤੇ ਮਾਲ ਡੰਗਰ ਬਾਹਰ ਚਰਦੇ ਬਦੋ ਬਦੀ ਖੋਹ ਲਏ ਅਤੇ ਦੋ ਅਕਾਲੀਆਂ ਨੂੰ ਮਾਰਿਆ ਕੁਟਿਆ ਵੀ ਗਿਆ ਅਤੇ ਝੂਠੇ ਮੁਕੱਦਮੇਂ ਬਨਾਕੇ ਉਨ੍ਹਾਂ ਨੂੰ ਕੈਦ ਵੀ ਕੀਤਾ ਗਿਆ ਏਥੇ ਹੀ ਬਸ ਨਹੀਂ ਸਗੋਂ ਥੋੜੇ ਦਿਨ ਪਿਛੋਂ ਸ਼ਾਮ ਵੇਲੇ ਉਸ ਪਿੰਡ ਤੇ ਡਾਕਾ ਮਾਰਿਆ ਗਿਆ ਤੇ ਇਕ ਖਤ੍ਰੀ ਦਾ ਘਰ ਲੁਟ ਲਿਆ ਜਦ ਰੌਲਾ ਪੌਣ ਤੇ ਸਾਰਾ ਪਿੰਡ

ਅਕੱਠਾ ਹੋ ਗਿਆ ਤਾਂ ਖੂਬ ਜੰਗ ਹੋਈ ਡਾਕੂਆਂ ਵਿਚੋਂ ਰਿਆਸਤ ਪਟਿਆਲਾ ਦਾ ਇਕ ਉਘਾ ਬਦਮਾਸ਼ ਮਾਰਿਆ ਵੀ ਗਿਆ ਤੇ ਉਸ ਦੀ ਲਾਸ਼ ਓਥੇ ਹੀ ਰੈਹ ਗਈ ਇਸ ਹਾਦਸੇ ਦੇ ਪਿਛੋਂ ਨਾਭੇ ਦੇ ਹਾਕਮਾਂ ਵਲੋਂ ਬੰਦੂਕਾਂ ਤੇ ਇਕ ਫੌਜੀ ਪਿਨਸ਼ਨਰ ਰਾਖੀ ਤੇ ਹਫਾਜ਼ਤ ਲਈ ਘਲੇ ਗਏ ਜਿਸਦੇ ਪਿਛੋਂ ਕੋਈ ਝਗੜਾ ਨਾ ਹੋਇਆ।

ਫੇਰ ਵੀ ਰਿਆਸਤ ਨਾਭਾ ਵਲੋਂ ਇਹ ਮੁਕੱਦਮਾ ਪੇਸ਼ ਕੀਤਾ ਗਿਆ ਕਿ ਪਟਿਆਲੇ ਨੇ ਐਹਦਨਾਮੇ ਦੇ ਉਲਟ ਕਾਰਵਾਈ ਕੀਤੀ ਹੈ ਪਰ ਅਕਲ ਦੇ ਪੂਰੇ ਸਪੈਸ਼ਲ ਮੈਜਿਸਟ੍ਰੇਟ ਨੇ ਇਹ ਮੁਕੱਦਮਾ ਵੀ ਪਟਿਆਲੇ ਦੇ ਹੱਕ ਵਿਚ ਦੇ ਦਿਤਾ।

## ਮੁਕੱਦਮਾਂ ਨੰਃ ੮

ਜਦੋਂ ਰਿਆਸਤ ਪਟਿਆਲਾ ਦੀ ਫੌਜ ਨੇ ਥਾਨਾ ਧਨੌਲਾ ਰਿਆਸਤ ਨਾਭਾ ਦੇ ਇਲਾਕੇ ਨੂੰ ਘੇਰਿਆ ਹੋਇਆ ਸੀ ਤਾਂ ਇਕ ਦਿਨ ਪਟਿਆਲਾ ਰਿਆਸਤ ਦੇ ਰਸਾਲੇ ਦਾ ਇਕ ਘੋੜਾ ਸਹੀਸ ਕੋਲੋਂ ਛੁਟਕੇ ਇਤਫਾਕੀਆ ਦੌੜ ਗਿਆ ਤੇ ਥੋੜੇ ਹੀ ਦੂਰ ਰਿਆਸਤ ਨਾਭਾ ਦੇ ਇਕ ਪਿੰਡ ਵਿਖੇ ਜਾ ਵੜਿਆ ਓਥੇ ਦੇ ਜ਼ਿਮੀਂਦਾਰਾਂ ਨੇ ਫੜਕੇ ਮਾਲ ਵਾਲੇ ਹਾਤੇ ਦੇ ਛਡਿਆ ਉਸ ਨੂੰ ਹਾਤੇ ਚੋਂ ਕੋਈ ਛੁੜਾਨ ਨਾ ਆਇਆ ਤਾਂ ਵੀ ਉਹ ਨੀਲਾਮ ਨਾ ਕੀਤਾ ਕਿਉਂਕਿ ਇਹ ਪਤਾ ਲਗ ਗਿਆ ਸੀ ਕਿ ਇਹ ਘੋੜਾ ਰਿਆਸਤ ਪਟਿਆਲੇ ਦੇ ਰਸਾਲੇ ਦਾ ਹੈ, ਕੁਝ ਸਮਾਂ ਪਿਛੋਂ ਜਦੋਂ ਰਿਆਸਤ ਪਟਿਆਲਾ ਵਲੋਂ ਪੌਲੀਟੀਕਲ ਏਜੰਟ ਦੇ ਵਸੀਲੇ ਨਾਲ ਮੰਗਿਆ ਗਿਆ ਪਰ ਰਿਆਸਤ ਨਾਭਾ ਵਲੋਂ ਜਵਾਬ ਦਿਤਾ ਗਿਆ ਕਿ ਫਲਾਣੇ

ਪਿੰਡ ਵਿਚ ਜੋੜਾ ਊਠ ਸਵਾਰ ਨਾਭੇ ਦਾ ਫੜ ਲਿਆ ਸੀ ਤੇ ਉਸ ਤੇ ਝੂਠਾ ਮੁਕੱਦਮਾਂ ਬਨਾਕੇ ਕੈਦ ਕਰ ਦਿਤਾ ਸੀ ਘਟੋ ਘਟ ਉਹ ਊਠ ਵਾਪਸ ਕਰ ਦਿਤਾ ਜਾਵੇ ਤੇ ਘੋੜਾ ਲੈ ਲਿਆ ਜਾਵੇ।

ਇਹ ਮੁਕੱਦਮਾਂ ਰਿਆਸਤ ਪਟਿਆਲਾ ਵਲੋਂ ਨਾਭੇ ਦੇ ਵਿਰੁਧ ਪੇਸ਼ ਕੀਤਾ ਗਿਆ ਕਿ ਰਿਆਸਤ ਪਟਿਆਲਾ ਦੇ ਰਸਾਲੇ ਦਾ ਘੋੜਾ ਰਿਆਸਤ ਦੀ ਹੱਦ ਵਿਚੋਂ ਸਾਹੀਸ ਤੋਂ ਬਦੋ ਬਦੀ ਖੋਹ ਲਿਆ ਗਿਆ ਤੇ ਮਹਾਰਾਜਾ ਨਾਭਾ ਦ ਹੁਕਮ ਨਾਲ ਸਾਹੀਸ ਨੂੰ ਜ਼ਬਰਦਸਤੀ ਆਪਣੀ ਰਿਆਸਤ ਵਿਚ ਲੇਜਾਕੇ ਮਾਰਿਆ ਗਿਆ ਜਿਸ ਨੂੰ ਅਠਾਰਵੇਂ ਦਿਨ ਛਡ ਦਿਤਾ ਤੇਘੋੜਾਵਾਪਸ ਨਹੀਂ ਕੀਤਾ।

ਇਹ ਮੁਕੱਦਮਾਂ ਗਲਤ ਸਾਬਤ ਹੋਕ ਮਹਾਰਾਜਾ ਨਾਭਾ ਦੇ ਹੱਕ ਵਿਚ ਫੈਸਲਾ ਕੀਤਾ ਗਿਆ ( ਕੌਲਵ ਅਬਰੂ ਪੂਜਣ ਲਈ ) ਪਰ ਮਹਾਰਾਜਾ ਨਾਭਾ ਦੇ ਵਿਰੁਧ ਐਸਾ ਮੁਕੱਦਮਾ ਬਣੌਣ ਦਾ ਕੋਈ ਐਕਸ਼ਨ (Action) ਨਹੀਂ ਲਿਆ।

ਪਾਠਕ ਜਨ ਆਪ ਨੇ ਇਹ ਅੱਠ ਮੁਕੱਦਮੇ ਤਾਂ ਪੜ੍ਹ ਲਏ ਜਿਨਾ ਦੇ ਬਾਰੇ ਗਵਰਨਮੈਂਟ ਨੇ ਐਲਾਨ ਕੀਤਾ ਹੈ ਕਿ "ਅਠਾਂ ਮੁਕੱਦਮਿਆਂ ਵਿਚੋਂ ਪਟਿਆਲਾ ਦੋ ਮੁਕੱਦਮੇਂ ਸਾਬਤ ਨਹੀਂ ਕਰ ਸਕਿਆ ਅਤੇ ਛੇਆਂ ਵਿਚ ਨਾਭੇ ਦੇ ਵਿਰੁਧ ਫੈਸਲਾ ਹੋਇਆ। ਐ ਇਨਸਾਫ ਦੇ ਪੁਤਲੇ ਜਰਾ ਹੋਸ਼ ਕਰ ਤੇ ਸੁਣ:—

ਅਸਲ ਵਿਚ ਏਨਾਂ ਅੱਠਾਂ ਮੁਕੱਦਮਿਆਂ ਵਿਚੋਂ ਪੰਜ ਤਾਂ ਪਟਿਆਲੇ ਵਲੋਂ ਨਾਭੇ ਦੇ ਵਿਰੁਧ ਸਨ ਤੇ ਤਿੰਨ ਨਾਭਾ ਵਲੋਂ ਪਟਿਆਲੇ ਦੇ ਵਿਰੁਧ ਅਤੇ ਪਟਿਆਲਾ ਪੰਜਾਂ ਵਿਚੋਂ ਦੋ ਸਾਬਤ ਨਹੀਂ ਕਰ ਸਕਿਆ ਤੇ ਨਾਭੇ ਦੇ ਤਿਨੇ ਮੁਕੱਦਮੇ ਸਾਬਤ ਨਾ ਹੋਏ

ਕੇਵਲ ਪਟਿਆਲੇ ਦੇ ਤਿੰਨਾਂ ਮੁਕੱਦਮਿਆਂ ਦਾ ਫੈਸਲਾ ਨਾਭਾ ਦੇ ਵਿਰੁਧ ਹੋਇਆ ਫੇਰ ਪਤਾ ਨਹੀਂ ਲਗਦਾ ਕਿ ਮਾਈ ਲਾਰਡ ਨੇ ਕਿਵੇਂ ਅਕਲ ਨੂੰ ਤਲਾਜਲੀ ਦੇਕੇ ਉਪਰ ਲਿਖਿਆ ਐਲਾਨ ਕਰ ਦਿੱਤਾ ਕਿ ਇਹ ਤਿੰਨ ਮੁਕੱਦਮੇ ਇਸ ਲੈਕ ਸਨ ਕਿ ਜਿਨਾ ਦੀ ਬਿਨਾਂ ਤੇ ਮਹਾਰਾਜਾ ਨਾਭਾ ਗੱਦੀਓਂ ਉਤਾਰਿਆ ਜਾ ਸਕਦਾ ਸੀ ਨਹੀਂ ! ਨਹੀਂ !! ਉਹ ਹੋਰ ਹੀ ਕਾਰਣ ਸਨ ਜੇਹੜੇ ਕਿ ਅਸੀ ਅਗੇ ਚਲਕੇ ਲਿਖਾਂਗੇ।

## ਬਾਂਦਰ ਵਾਲਾ ਫੈਸਲਾ !

ਓ ਮਾਈ ਲਾਰਡ ਆਪਦੇ ਢਾਟੜੇ ਸਪੈਸ਼ਲ ਮੈਜਿਸਟ੍ਰੇਟ ਨੇ ਤਾਂ ਠੀਕ ਬਾਂਦਰ ਵਾਲੀ ਵੰਡ ਕੀਤੀ ਹੈ ਜਿਵੇਂ ਓਹ ਬਿਲੀਆਂ ਦੀ ਸਾਰੀ ਰੋਟੀ ਹਜ਼ਮ ਕਰ ਗਿਆ ਸੀ ਤਿਵੇਂ ਅਜ ਰਿਆਸਤ ਨਾਭਾ ਹੜਪ ਹੋ ਗਈ ਹੈ, ਪਰ ਉਹ ਵਿਚਾਰਾ ਕਰਦਾ ਵੀ ਤੇ ਕੀ ਕਰਦਾ ਉਹ ਤਾਂ ਵਿਚਾਰਾ ਇਕ ਮਿਸ਼ਨਰੀ ਦੇ ਪੁਰਜੇ ਵਤ ਹੈ ਜਿਵੇਂ ਇਕ ਮਿਸ਼ਨਰੀ ਦਾ ਵਡਾ ਪੁਰਜ਼ਾ ਹਿਲੇ ਤਾਂ ਬਾਕੀ ਦੇ ਸਾਰੇ ਹਿਲਦੇ ਹਨ ਤਿਵੇਂ ਉਹ ਵਿਚਾਰਾ ਮਾਈ ਲਾਰਡ ਦੇ ਅਸ਼ਾਰੇ ਕੰਮ ਕਰ ਰਿਹਾ ਸੀ॥

ਕੀ ਤੂੰ ਅਹਿਦਨਾਮਾਂ ਨਹੀ ਸੀ ਪੜਿਆ ? ਐਧੇ ਧੁਦ ਹੀ ਐਲਾਨ ਕਰ ਦਿਤਾ ਸੀ, ਕੀ ਤੂੰ ਉਸ ਐਹਦਨਾਮੇ ਨੂੰ ਇਕ ਰਦੀ ਪੁਰਜ਼ਾ ਸਮਝਦਾ ਹੈਂ ਜੇ ਕਰ ਇਹ ਗਲ ਸੀ ਤਾਂ ਜੰਗ ਜਰਮਨ ਵੇਲੇ ਨੌਕਰਸ਼ਾਹੀ ਕਿਓਂ ਟਾਹਰਾਂ ਮਾਰਦੀ ਸੀ ਕਿ ਅਸੀ ਐਹਦ-ਨਾਮੇ ਦੀ ਖਾਤਰ ਲੜ ਰਹੇ ਹਾਂ ਤੇ ਤਰਲੇ ਕਰਦੀ ਸੀ ਕਿ ਮਦਦ

ਕਰੋ ਤੇ ਲਖਾਂ ਹਿੰਦੀ ਭਾਈ ਉਸ ਐਹਦਨਾਮੇ ਦੀ ਖਾਤਰ ਜੰਗ ਜਰਮਨ ਵਿਚ ਤਲਵਾਰ ਭੇਟ ਹੋਏ ਸਨ ਕੀ ਇਹ ਐਹਦਨਾਮਾਂ ਕਿਸੇ ਹੋਰ ਹੀ ਗਲ ਤੇ ਲਿਖਿਆ ਹੋਇਆ ਹੈ ? ਨਹੀਂ ! ਨਹੀਂ !! ਓ ਮਾਈ ਲਾਰਡ ਕਾਗਜ਼ ਤਾਂ ਉਹੋ ਹੀ ਹੈ ਪਰ ਕਾਰਨ ਕੁਝ ਹੋਰ ਹੀ ਸੀਃ—

## ਕਾਰਨ ਕੀ ਸਨ ?

ਅਸਲ ਵਿਚ ਕਾਰਨ ਇਹ ਸਨ ਕਿ ਮਹਾਰਾਜਾ ਨਾਭਾ ਆਜ਼ਾਦ ਦਿਲ ਤੇ ਪੰਥ ਨਾਲ ਹਮਦਰਦੀ ਰਖਣ ਵਾਲੇ ਸਨ ਅਪਣੇ ਵਤਨ ਦੇ ਪਕੇ ਸੇਵਕ ਸਨ ਆਪ ਜੀ ਦੇ ਜਵਾਨੀ ਸਮੇਂ ਦੀ ਪੰਥ ਸੇਵਾ ਆਪ ਨੂੰ ਦਸਦੇ ਹਾਂ ਤੇ ਵਡਾ ਇਹੋ ਹੀ ਕਾਰਨ ਹੈ ਕਿ ਉਹ ਅਜ ਹੀਰਾ ਮਹੱਲ ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ ਇਨਸਾਫ ਦੇ ਪੁਤਲੇ ਦਾ ਚਾਟੜਾ ਉਗਲਵੀ ਬੂਟ ਲਈ ਫਿਰਦਾ ਹੈ। ਸ਼ੋਕ ! ਸ਼ੋਕ !! ਸ਼ੋਕ !!!

ਆਪ ਨੂੰ ਗਵਰਨਮੈਂਟ ਹਿੰਦ ਨੇ ਵਾਇਸਰੀਗਲ ਕੌਂਸਲ ਦਾ ਮੈਂਬਰ ਆਪ ਚੁਣ ਲਿਆ, ਨੌਕਰਸ਼ਾਹੀ ਦਾ ਸ਼ੈਦ ਇਹ ਖਿਆਲ ਸੀ ਕਿ ਦੂਸਰੇ ਹਿੰਦੀ ਰਾਜਿਆਂ ਵਤ ਇਹ ਵੀ ਖੁਸ਼ਾਮਦੀ ਤੇ ਕੌਮ ਘਾਤਕ ਬਣ ਜਾਣਗੇ ਤੇ ਨੌਕਰਸ਼ਾਹੀ ਦੀ ਪੂਜਾ ਕਰਨਗੇ ਤੇ ਅਪਣੇ ਮੁਲਕ ਕੌਮ ਤੇ ਧਰਮ ਦੀ ਕਖ ਪਰਵਾਹ ਨਾ ਕਰਨਗੇ ਪਰ ਜਦੋਂ ਟਿਕਾ ਸਾਹਿਬ ਨੇ ਕੌਂਸਲ ਵਿਚ ਕੰਮ ਸ਼ੁਰੂ ਕੀਤਾ ਤਾਂ ਨੌਕਰਸ਼ਾਹੀ ਨੂੰ ਛੇਤੀ ਹੀ ਪਤਾ ਲਗ ਗਿਆ ਕਿ ਆਪ ਕੌਮ ਤੇ ਮੁਲਕ ਦੇ ਖੈਰਖਾਹ ਤੇ ਸਚੇ ਖਾਦਮ ਹਨ ਇਸ ਛੋਟੀ ਜੇਹੀ ਪੁਸਤਕ

ਵਿਖੇ ਆਪ ਦੀ ਕੌਮੀ ਸੇਵਾ ਦਾ ਵਰਨਨ ਕਰਨਾ ਕਠਨ ਹੈ ਫੇਰ ਵੀ ਪਾਠਕਾਂ ਦੀ ਚਾਹ ਲਈ ਕੁਝ ਲਿਖਦ ਹਾਂ।

ਜਿਸ ਵੇਲੇ ਆਪ ਕੌਂਸਲ ਦੇ ਮੈਂਬਰ ਬਨ ਗਏ ਭਾਵੇਂ ਉਸ ਵੇਲੇ ਆਪ ਦੀ ਉਮਰ ਛੋਟੀ ਤੇ ਜਵਾਨੀ ਦਾ ਸਮਾ ਸੀ ਪਰ ਆਪ ਤੇ ਮਿਸਟ੍ਰ ਗੋਖਲੇ ਤੇ ਪੰਡਤ ਮਦਨ ਮੋਹਨ ਮਾਲਵੀਆ ਜੀ ਵਰਗੇ ਕੌਮੀ ਸੇਵਕਾਂ ਦੀ ਅਜ਼ਾਦ ਦਿਲੀ ਨੇ ਸੋਨੇ ਤੇ ਸੁਹਾਗੇ ਵਾਲਾ ਕੰਮ ਕੀਤਾ ਤੇ ਆਪ ਨੇ ਪੂਰੇ ਜ਼ੋਰ ਨਾਲ ਕੌਮ ਤੇ ਮੁਲਕ ਦੀ ਸੇਵਾ ਕੀਤੀ। ਸਿਖ ਕੌਮ ਨੂੰ ਆਪ ਦਾ ਉਹ ਕਾਰਨਾਮਾ ਕਦੀ ਨਹੀਂ ਭੁਲ ਸਕਦਾ ਜਦੋਂ ਆਪ ਨੇ ਅਨੰਦ ਮੈਰਜ ਬਿਲ ਨੂੰ ਪਾਸ ਕਰਾ ਦਿੱਤਾ ਅਤੇ ਸਿਖ ਕੌਮ ਦੀ ਇਹ ਐਸੀ ਸੇਵਾ ਕੀਤੀ ਕਿ ਜਿਸ ਨੂੰ ਰੈਂਹਦੀ ਦੁਨੀਆਂ ਤਕ ਵੀ ਸਿਖ ਨਹੀਂ ਭੁਲ ਸਕਦੇ॥

(੨) ਵਾਇਸਰੀਗਲ ਕੌਂਸਲ ਦੀ ਮੈਂਬਰੀ ਪਿਛੋਂ ਆਪ ਵਲਾਇਤ ਚਲੇ ਗਏ ਆਪ ਦੇ ਦਿਲ ਵਿਚ ਕੌਮੀ ਪਿਆਰ ਤੇ ਮੁਲਕੀ ਸੇਵਾ ਦਾ ਚਾਓ ਤਾਂ ਹਰ ਵੇਲੇ ਲੱਗਾ ਹੀ ਰਹਿੰਦਾ ਸੀ ਉਥੇ ਦੀ ਅਜ਼ਾਦੀ ਵੇਖ ਆਪ ਹੋਰ ਵੀ ਅਜ਼ਾਦ ਦਿਲ ਹੋ ਗਏ ਅਤੇ ਏਥੋਂ ਤਕ ਅਜ਼ਾਦੀ ਦੇਵੀ ਨੇ ਵਰ ਦਿੱਤਾ ਕਿ ਜਦ ਆਪਣੇ ਪਿਤਾ ਮਹਾਰਾਜਾ ਹੀਰਾ ਸਿੰਘ ਦੇ ਸੁਰਗਬਾਸ਼ ਹੋਣ ਤੇ ਵਾਪਸ ਆਏ ਤੇ ਤਾਜ ਆਪ ਦੇ ਪੇਸ਼ ਕੀਤਾ ਗਿਆ ਤਾਂ ਆਪਨੇ ਕਿਸੇ ਗ਼ੈਰ ਦੇ ਹਥੋਂ ਪੈਹਨਣੋਂ ਇਸ ਬਿਨਾ ਤੇ ਇਨਕਾਰ ਕਰ ਦਿੱਤਾ ਕਿ ਤਾਜ ਤਾਂ ਉਨ੍ਹਾਂ ਨੂੰ ਵਿਰਸੇ ਵਿਚੋਂ ਮਿਲਿਆ ਹੈ ਕਿਸੇ ਦਾ ਕੀ ਹੱਕ ਹੈ ਕਿ ਆਪ ਜੀ ਨੂੰ ਤਾਜ ਪੇਸ਼ ਕਰੇ ਜੇਕਰ ਇਹ ਗਲ ਹਿੰਦ ਤੋਂ ਬਾਹਰ ਕਿਸੇ ਹੋਰ ਦੇਸ਼ ਵਿਚ ਆਖੀ ਜਾਂਦੀ ਤਾਂ ਲੋਕ ਆਪ ਦੀ ਅਜ਼ਾਦ

NATIONAL ARCHIVES LIBRARY
No 1964
Date 1.2.72
GOVT. OF INDIA

ਦਿੱਲੀ ਦੀ ਤਾਰੀਫ ਕਰਦੇ ਤੇ ਆਪ ਦੀ ਇਜ਼ਤ ਕਰਦੇ ਪਰ ਇਹ ਕਮਬਖਤ ਤਾਂ ਗੁਲਾਮਾਂ ਦਾ ਦੇਸ਼ ਹੈ ਮਹਾਰਾਜਾ ਸਾਹਿਬ ਨਾਭਾ ਦੇ ਇਹ ਖਿਆਲ ਨੌਕਰਸ਼ਾਹੀ ਦੀ ਅੱਖ ਵਿਚ ਖਾਰ ਬਣ ਰੜਕਨ ਲਗੇ ਜਿਓਂ ੨ ਸਮਾਂ ਬਤੀਤ ਹੁੰਦਾ ਗਿਆ ਅਜ਼ਾਦ ਖਿਆਲੀ ਵਧਦੀ ਗਈ ਤੇ ਅਜ ਨੌਕਰਸ਼ਾਹੀ ਦੇ ਚਾਟੜੇ ਇਨਸਾਫ ਦੇ ਪੁਤਲੇ ਨੂੰ ਉਨ੍ਹਾਂ ਦੀ ਅਜ਼ਾਦ ਦਿੱਲੀ ਦਾ ਫਲ ਦੇਣ ਦਾ ਮੌਕਿਆ ਮਿਲਿਆ ਤੇ ਤਖਤੋਂ ਬੇਤਖਤ ਕਰ ਠੀਕ ਇਨਸਾਫ ਵਖਾਇਆ ॥

(੩) ਆਪਨੇ ਵਡੇਤੋਂ ਵਡੇ ਅੰਗ੍ਰੇਜ਼ ਅਫਸਰਨੂੰਕਦੀ ਮੌਕਾ ਨਹੀਂ ਸੀ ਦਿੱਤਾ ਕਿ ਉਨ੍ਹਾਂ ਦੇ ਸਾਮਨੇ ਕੋਈ ਸ਼ੇਖੀ ਮਾਰ ਸਕੇ ਸਰ ਡੇਨ ਪੰਜਾਬ ਦਾ ਪੈਹਲਾ ਗਵਰਨਰ ਇਕ ਵਾਰ ਚਾਹੁੰਦਾ ਸੀ ਕਿ ਰਿਆਸਤ ਨਾਭਾ ਦਾ ਦੋਰਾ ਕਰੇ ਪਰ ਅਜ਼ਾਦ ਖਿਆਲ ਮਹਾਰਾਜਾ ਨੇ ਜਵਾਬ ਲਿਖ ਘਲਿਆ ਕਿ ਆਪ ਉਨ੍ਹਾਂ ਦਿਨਾਂ ਵਿਚ ਨਾਭੇ ਨਹੀਂ ਹੋਣਗੇ ਇਕ ਦੋ ਵੇਰ ਫੇਰ ਤਰੀਖਾਂ ਕੈਮ ਕੀਤੀਆਂ ਪਰ ਸੁਫਲਤਾ ਨਾ ਹੋਈਤੇ ਦੂਸਰੀਆਂਰਿਆਸਤਾਂ ਵਿਚ ਸਰ ਡੇਨ ਨੂੰ ਖੂਬ ਦਾਵਤਾ ਦਿੱਤੀਆਂ ਗਈਆਂ ਤੇ ਅਖੀਰ ਨੂੰ ਸਰ ਡੇਨ ਇਹ ਖਾਹਸ਼ ਦਿਲ ਵਿਚ ਲੈ ਇਸ ਜਹਾਨ ਤੋਂ ਕੂਚ ਕਰ ਗਿਆ ਇਸਦੇ ਪਿਛੋਂ ਸਰ ਮਾਈਕਲ ਅਡਵਾਇਰ ਪੰਜਾਬ ਦਾ ਲਾਟ ਬਣਕੇ ਆਇਆ ਤੇ ਇਸ ਜ਼ਾਲਮ ਨਾਲ ਮਹਾਰਾਜਾ ਦੀ ਏਥੋਂ ਤਕ ਅਣਬਣ ਹੋ ਗਈ ਕਿ ਨੌਕਰਸ਼ਾਹੀ ਦੇ ਵਡੇ ਚਾਟੜਿਆਂ ਤਕ ਮਾਮਲਾ ਪੌਂਹਚਿਆ ਅਤੇ ਮਹਾਰਾਜਾ ਦਾ ਜੁਰਮ ਕੇਵਲ ਇਹ ਸੀ ਕਿ ਆਪ ਆਜ਼ਾਦ ਖਿਆਲ ਸਨ ਅਤੇ ਨੌਕਰਸ਼ਾਹੀ ਚਾਟੜੇ ਇਹ ਚਾਹੁੰਦੇ ਸਨ ਕਿ ਉਹ ਚਿਟੀ ਚਮੜੀ ਦੀ ਖੁਸ਼ਾਮਦ ਕਰਨ ਤੇ

ਆਪਣੀ ਆਜ਼ਾਦ ਖਿਆਲੀ ਭਾਵੇਂ ਛਿਕੇ ਤੇ ਟੰਗ ਦੇਣ ਪਰ ਮਹਾ-ਰਾਜਾ ਸਾਹਿਬ ਐਸਾ ਕਰਨ ਨੂੰ ਬਿਲਕੁਲ ਤਿਆਰ ਨਹੀਂ ਸਨ।

(੪) ਜਦੋਂ ਲਾਰਡ ਚੈਮਸਫੋਰਡ ਹਿੰਦ ਦੇ ਗਵਰਨਰ ਜਨਰਲ ਨੇ ਲਾਹੌਰ ਵਿਚ ਦਰਬਾਰ ਕੀਤਾ ਇਸ ਸਮੇਂ ਪੰਜਾਬ ਦੇ ਹਰ ਇਕ ਰਾਜੇ ਦੀ ਇਹ ਲਾਲਸਾ ਸੀ ਕਿ ਉਹ ਦਰਬਾਰ ਵਿਚ ਸ਼ਾਮਲ ਹੋਣ ਕੇਵਲ ਮਹਾਰਾਜਾ ਨਾਭਾ ਸਨ ਜਿਨ੍ਹਾਂ ਦੇ ਦਿਲ ਵਿਚ ਇਹ ਖਾਹਸ਼ ਨਹੀਂ ਸੀ। ਇਹ ਗਲ ਏਥੋਂ ਤਕ ਵਧ ਗਈ ਕਿ ਮਹਾਰਾਜਾ ਨਾਭਾ ਦਰਬਾਰ ਵਿਚ ਸ਼ਾਮਲ ਹੀ ਨਾ ਹੋਏ ਜਿਥੇ ਕਿ ਹੋਰ ਰਾਜੇ ਆਪਣੀ ਆਨ ਤੇ ਸ਼ਾਨ ਨੂੰ ਲੰਮੀਆਂ ੨ ਸਲਾਮਾਂ ਕਰਕੇ ਵਟਾ ਲਾ ਰਹੇ ਸਨ।

ਥੋੜਾ ਹੀ ਸਮਾਂ ਪਿਛੋਂ ਮਹਾਰਾਜਾ ਨੂੰ ਪਤਾ ਲਗ ਗਿਆ ਕਿ ਓਨਾਂ ਦੇ ਵੈਰੀ ਇਸ ਆਜ਼ਾਦ ਦਿਲੀ ਤੋਂ ਵੈਰ ਲੈਣ ਦੀ ਕੋਸ਼ਸ਼ ਕਰ ਰਹੇ ਹਨ ਆਪ ਨੇ ਇਸ ਵੈਰ ਵਿਰੋਧ ਨੂੰ ਮਟਾਣ ਖਾਤਰ ਯੂਰਪ ਦੇ ਜੰਗ ਵਿਖੇ (ਪੈਹਲੇ ਕੋਈ ਮਦਦ ਨਹੀਂ ਸੀ ਕੀਤੀ) ੪੫ ਲੱਖ ਰੁਪੈ ਦੀ ਮਦਦ ਕੀਤੀ ਤੇ ਇਸ ਤੋਂ ਬਿਨਾ ਹੋਰ ਬੜੀ ਮਦਦ ਦਿਤੀ ਤੇ ਆਪ ਨੇ ਸਮਝ ਲਿਆ ਕਿ ਹੁਣ ਨੌਕਰਸ਼ਾਹੀ ਖੁਸ਼ ਹੋ ਗਈ ਹੋਵੇਗੀ ਪਰ ਇਹ ਨਾ ਜਾਣਿਆ ਕਿ ਆਜ਼ਾਦ ਖਿਆਲ ਮਹਾਰਾਜਾ ਨਾਲ ਭਲਾ ਕਦ ਖੁਸ਼ ਹੁੰਦੇ ਹਨ।

ਹੁਣ ਜਦ ਇਨਸਾਫ ਦੇ ਪੁਤਲੇ ਲਾਰਡ ਰੀਡਿੰਗ ਦੇ ਐਹਦ ਵਿਚ ਇਹ ਦੁਦਰ ਹਥ ਆਇਆ ਤਾਂ ਝਟ ਸਾਜ਼ਸ਼ ਕਰਕੇ ਮਹਾਰਾਜਾ ਨੂੰ ਘਰੋਂ ਬੇਘਰ ਕਰ ਦਿਤਾ ਇਹ ਹੈ ਇਨਸਾਫ ਤੇ ਅਜ਼ਾਦ ਦਿਲੀ ਦਾ ਫਲ !!

ਐ ਲਾਰਡ ਰੀਡਿੰਗ ਕੀ ਠੀਕ ਏਨਾਂ ਹੀ ਕਾਰਨਾ ਕਰਕੇ ਮਹਾਰਾਜਾ ਗਦੀਓਂ ਉਤਾਰਿਆ ਗਿਆ ਹੈ ਕੀ ਤੂੰ ਏਸੇ ਲਈ ਹਿੰਦ ਵਿਚ ਨਹੀਂ ਸੈ ਆਇਆ ਕਿ ਕਿਸੇ ਵਸੀਲੇ ਨਾਲ ਉਨਾਂ ਦੀ ਆਜ਼ਾਦ ਦਿਲੀ ਦਾ ਫਲ ਦਿਤਾ ਜਾਵੇ ਕੀ ਸਾਰੀ ਕਾਰਵਾਈ ਤੇਰੇ ਇਸ਼ਾਰੇ ਤੇ ਨਹੀਂ ਹੋ ਰਹੀ ਕੀ ਪਸੇਂ ਦਿਆ ਕਿਸ਼ਨ ਕੌਲ ਨੂੰ ਤੂੰ ਪਟਿਆਲੇ ਏਸੇ ਖਾਤ੍ਰ ਨਹੀ ਰਖਿਆ ਹੋਇਆ ਸੀ ਕੀ ਤੇਰਾ ਮਨਸ਼ਾ ਹਿੰਦੀ ਰਿਆਸਤਾਂ ਨੂ ਤਬਾਹ ਕਰਨ ਦਾ ਨਹੀ ਕੀ ਏਹੋ ਇਨਸਾਫ ਹੈ ਜਿਸ ਦੀਆਂ ਟਾਹਰਾਂ ਮਾਰਦਾ ਹਿੰਦੁਸਤਾਨ ਵਲ ਤੁਰਿਆ ਸੈਂ ਕੀ ਕੋਈ ਹੋਰ ਵੀ ਇਨਸਾਫ ਦਾ ਨਮੂਨਾ ਹੈਈ ਤਾਂ ਵਖਾਦੇ ਤਾਕਿ ਨਮੂਨਾ ਵੇਖਕੇ ਤੈਨੂ ਆਡਰ ਦੇ ਦੇਵੀਏ ਕੀ ਤੇਰੀ ਖੂਨੀ ਕਲਮ ਬੇਗੁਨਾਹਾਂ ਦਾ ਖੂਨ ਪੀ-ਪੀ ਕੇ ਨਹੀਂ ਰਜੀ ਕੀ ਸ੍ਰੋ: ਕਮੇਟੀ ਨੂ ਇਸ ਲਈ ਬਾਗੀ ਦਸਿਆ ਈ ਕਿ ਕਿਤੇ ਤੇਰੇ ਇਨਸਾਫ ਦੀ ਕਲੀ ਨਾ ਖਿਲ ਜਾਏ ਕੀ ਰਸਾਲਦਾਰ ਸੁੰਦਰ ਸਿੰਘ ਨੂੰ ਤੇਰੇ ਹੀ ਚਾਟੜਿਆਂ ਨੇ ਨੇਕਨਾਮੀ ਦਾ ਤਮਗਾ ਭੇਜਿਆ ਹੈ ਤੇਰੇ ਹੀ ਚਾਟੜਿਆਂ ਨੇ ਬਾਗੀ ਦਸਕੇ ਫੜ ਲਿਆ ਹੈ ? ਕੀ ਅਧੀ ਰਾਤ ਵੇਲੇ ਚੋਰਾਂ ਵਾਂਗ ਡਾਕਾ ਮਾਰਨਾ ਤੇਰਾ ਹੀ ਕੰਮ ਹੈ ਕੀ ਤੇਰੇ ਐਹਦ ਵਿਚ ਇਨਸਾਫ ਏਸੇ ਨੂੰ ਆਖ ਦੇ ਹਨ ਕੀ ਕੋਈ ਨਵੀਂ ਡਿਕਸ਼ਨਰੀ ਬਨਾਈ ਜੂ ਜਿਸ ਵਿਖੇ ਇਨਸਾਫ ਦੇ ਅਰਥ ਇੰਞ ਹੋਇਆ ਕਰਨਗੇ ਕੀ ਤੂੰ ਐਲਾਨ ਕਰਦਾ ਹੈ ਕਿ ਨਾਭੇ ਦਾ ਮਾਮਲਾ ਧਾਰਮਕ ਨਹੀਂ ਲੈ ਸੁਣ ਕਿ ਧਾਰਮਕ ਹੈ ਕਿ ਨਹੀਂ:—

ਅਵਲ ਤਾਂ ਇਹ ਗਲ ਹੈ ਕਿ ਸਤਵੇਂ ਪਾਤਸ਼ਾਹੇ ਜੀ ਦੇ ਬਖਸ਼ੀਸ਼ ਦਾ ਫਲਫੂਲਕੀਆਂ ਰਿਆਸਤਾਂ ਹਨ ਦੂਸਰੇ ਦਸਮ ਗੁਰੂ ਦੀ

ਪਵਿਤ੍ਰ ਯਾਦਗਾਰ 'ਪਵਿਤ੍ਰ ਕੇਸ ਕੰਘਾ ਗੁਟਕਾ ਤੇ ਸਿਰੋਪਾ' ਹਨ ਤੇ ਉਨਾਂ ਦਾ ਵਾਕ ਹੈ ॥

"ਤੇਰਾ ਘਰ ਸੋ ਮੇਰਾ ਘਰ, ਮੇਰਾ ਘਰ ਸੋ ਤੇਰਾ ਘਰ"

ਇਸ ਤੋਂ ਬਿਨਾ ਹੋਰ ਸੁਣੋ:—

ਜਦੋਂ ਪਟਿਆਲੇ ਦੇ ਮਹਾਰਾਜਾ ਅਮਰ ਸਿੰਘ ਨੇ ਆਪਣੇ ਅਰਾਮ ਲਈ ਐਹਮਦਸ਼ਾਹ ਨਾਲ ਸੁਲਾ ਕਰ ਲਈ ਸੀ ਉਸ ਵੇਲੇ ਪੰਥ ਨੇ ਮਹਾਰਾਜਾ ਨੂੰ ਉਸੇ ਵੇਲੇ ਤਨਖਾਹੀਆ ਕਰ ਦਿੱਤਾ ਸੀ ਤੇ ਉਨ੍ਹਾਂ ਨੂੰ ਤਦ ਤਕ ਸੰਗਤ ਤੇ ਪੰਗਤ ਵਿਚ ਬੈਠਣ ਦਾ ਕੋਈ ਹੱਕ ਨਹੀਂ ਸੀ ਜਦ ਤਕ ਕਿ ਤਨਖਾਹ ਨਾ ਬਖਸ਼ਵਾ ਲੈਣ ਸੋ ਏਸੇ ਤਰਾਂ ਹੋਇਆ ਆਪ ਨੇ ਐਹਮਦਸ਼ਾਹ ਦੇ ਕੈਮ ਕੀਤੇ ਹੋਏ ਸਰਹਿੰਦ ਦੇ ਹਾਕਮ ਨੂੰ ਫਤੇ ਕਰਕੇ ਤਨਖਾਹ ਬਖਸ਼ੁਵਾਈ ਸੀ ਕੀ ਇਹ ਪੰਥਕ ਸਵਾਲ ਸੀ ਯਾ ਕੁਝ ਹੋਰ ?

ਏਸੇ ਤਰਾਂ ਅਜ ਨਾਭੇ ਦਾ ਮਾਮਲਾ ਹੈ ਤੇ ਇਹ ਧਾਰਮਕ ਹੈ ਤੇ ਸਿਖ ਕੌਮ ਦਾ ਪੈਹਲਾ ਫਰਜ਼ ਹੈ ਕਿ ਇਸ ਮਾਮਲੇ ਨੂੰ ਹੱਥ ਵਿਚ ਲਵੇ ਤੇ ਭਾਵੇਂ ਸਿਖਾਂ ਦਾ ਬੱਚਾ ਬੱਚਾ ਸ਼ਾਂਤਮਈ ਰੈਂਹਦਾ ਹੋਇਆ ਸ਼ਹੀਦ ਹੋਜਾਵੇਂ ਤਾਂਵੀਇਸਮਾਮਲੇਨੂੰਹਥੋਂਨਾਂਛਡਿਆਜਾਵੇ।

## ਬਾਗੀ ਕੌਣ ਹਨ

ਐ ਰੀਡਿੰਗ ਕੀ ਇਹ ਸਚ ਨਹੀਂ ਕਿ ਤੂੰ ਇਨਸਾਫ ਤੇ ਕਾਨੂੰਨ ਦੀ ਆੜ ਵਿਚ ਦਿਨ ਦੀਵੀਂ ਜ਼ੁਲਮ ਕਰ ਰਿਹਾ ਹੈ ਅਜੇ ਹਿੰਦੀਆਂ ਦੇ ਦਿਲਾਂ ਤੋਂ ਡੈਹਰ ਸ਼ਾਹੀ ਜ਼ੁਲਮ ਤੇ ਮਾਰਸ਼ਲਲਾਦੇ ਅਤਿਆਚਾਰ ਭੁਲੇ ਨਹੀਂ ਸਨ ਕਿ ਤੂੰ ਆ ਇਨਸਾਫ ਦਾ ਤੇਲ ਪਾ ਜਲਾਇਆਈ

ਅਜੇ ਨਨਕਾਣੇ ਸਾਹਿਬ ਦੀ ਭੂਮੀ ਪੁਕਾਰ ੨ ਕੇ ਕੈਹ ਰਹੀ ਸੀ ਕਿ ਤੇਲ ਪਾਕੇ ਸਾੜਿਆ ਗਿਆ ਕੀਮਾ ਕੀਮਾ ਕੀਤਾ ਗਿਆ ਤੇ ਜ਼ੁਲਮ ਮਨਿਆਂ ਗਿਆ ਹੈ ਤੇ ਤੂੰ ਆਕੇ ਹੋਰ ਬਲਦੀ ਤੇ ਤੇਲ ਪਾਇਆ ਤੇ ਸਿਖ ਕੌਮ ਨੂੰ ਬਾਗ਼ੀ ਕਰਾਰ ਦਿੱਤਾ ਕੀ ਬਾਗ਼ੀ ਸਿਖ ਕੌਮ ਹੈ ਯਾਂ ਨੌਕਰਸ਼ਾਹੀ ਇਹ ਤਾਂ ਉਹ ਗਲ ਹੈ "ਉਲਟਾ ਚੋਰ ਕੋਤਵਾਲ ਕੋ ਡਾਟੇ" ਆਪ ਨੌਕਰਸ਼ਾਹੀ ਸਾਡਾ ਪੰਜਾਬ ਦਬਾਕੇ ਬਾਗ਼ੀ ਬਣੀ ਬੈਠੀ ਹੈ ਉਲਟਾ ਸਾਨੂੰ ਬਾਗ਼ੀ ਦਸ ਦੀ ਹੈ।

(੧) ਸੰਮਤ ੧੮੬੬ ਬਿਕ੍ਰਮੀ ਵਿਚ ਅੰਗ੍ਰੇਜ਼ਾਂ ਇਹ ਪਰਤਿਗਿਆ ਕੀਤੀ ਸੀ ਕਿ ਅਸੀਂ ਸਿਖ ਰਾਜ ਦੇ ਨੇੜੇ ਅੰਗ੍ਰੇਜ਼ੀ ਫੌਜ ਦੀ ਛਾਉਣੀ ਨਹੀਂ ਪਾਵਾਂਗੇ ਪਰ ਪਿਛੋਂ ਦੇ ਅੰਗ੍ਰੇਜ਼ਾਂ ਨੇ ਇਸ ਨੂੰ ਇਕ ਗਾਗਜ਼ ਦਾ ਰਦੀ ਪੁਰਜ਼ਾ ਸਮਝਕੇ ਛਾਓਣੀ ਪਾ ਲਈ॥

(੨) ਫੀਰੋਜ਼ ਪੁਰ ਸ਼ੈਹਰ ਵਿਖੇ ੧੨੦੦੦ ਫੌਜ ਰਖਨ ਵੇਲੇ ਇਹ ਕਿਹਾ ਸੀ ਕਿ ਕੇਵਲ ਇਕ ਸਾਲ ਲਈ ਰਖੀ ਗਈ ਪਰ ਪਿਛੋਂ "ਅਗ ਲੈਣ ਆਈ ਤੇ ਘਰ ਦੀ ਮਾਲਕ ਬਣ ਬੈਠੀ" ਵਾਂਗ ਆਪਣਾ ਕਬਜ਼ਾ ਹੀ ਕਰ ਲਿਆ॥

(੩) ਫੇਰ ਮਹਾਰਾਜਾ ਦਲੀਪ ਸਿੰਘ ਨਾਲਇਹ ਪ੍ਰਤਿਗਿਆ ਕੀਤੀ ਸੀ ਕਿ ਬਾਲਗ ਹੋਣ ਤੇ ਆਪ ਦਾ ਰਾਜ ਵਾਪਸ ਕੀਤਾ ਜਾਵੇਗਾ ਤੇ ਨਾ ਬਾਲਗੀ ਦੇ ਸਮੇਂ ਗਵਰਨਮੈਂਟ ਆਪ ਦੀ ਸਰ-ਪ੍ਰਸਤ ਮੁਕਰਰ ਹੁੰਦੀ ਹੈ ਪਰ ਸ਼ੋਕ ਕਿ ਅਜ ਤਕ ਉਹ ਸ਼ਰਤ ਪੂਰੀ ਨਹੀਂ ਕੀਤੀ ਗਈ॥

(੪) ਮਹਾਰਾਜਾ ਨਾਭਾ ਨੂੰ ਆਪਣੀ ਪ੍ਰਤਿਗਿਆ ਅਨੁਸਾਰ ਕਦੇ ਵੀ ਗੱਦੀਓਂ ਨਹੀਂ ਸਨ ਉਤਾਰ ਸਕਦੇ॥

ਏਨ੍ਹਾਂ ਗੱਲਾਂ ਤੋਂ ਸਾਫ ਪ੍ਰਗਟ ਹੁੰਦਾ ਹੈ ਕਿ ਨੌਕਰਸ਼ਾਹੀ ਆਪ ਬਾਗੀ ਬਣੀ ਸਾਡੇ ਹੱਕ ਦਬਾਈ ਬੈਠੀ ਹੈ ਤੇ ਅਜੇ ਤਕ ਸਾਡਾ ਰਾਜ ਵਾਪਸ ਨਹੀਂ ਕੀਤਾ ॥

ਕੀ ਮਾਈ ਲਾਰਡ ਬਾਗੀ ਅਸੀਂ ਹਾਂ ਯਾ ਨੌਕਰਸ਼ਾਹੀ ਕੀ ਨੌਕਰਸ਼ਾਹੀ ਸਾਡੇ ਪੰਜਾਬ ਵਿਚ ਬਾਗੀ ਬਣਕੇ ਨਹੀਂ ਬੈਠੀ ਹੋਈ ਕੀ ਤੈਨੂੰ ਐਲਾਨ ਕਰਨ ਲਗਿਆਂ ਸ਼ਰਮ ਨਾ ਆਈ ਕਿ ਆਪ ਬਾਗੀ ਹੁੰਦਾ ਹੋਇਆ ਰਾਜ ਤੇ ਤਾਜ ਦੇ ਮਾਲਕਾਂ ਨੂੰ ਬਾਗੀ ਬਨਾਂਦਾ ਹੈਂ । ਕੁਝ ਸ਼ਰਮ ਕਰ ! ਵਾਹਿਗੁਰੂ ਦਾ ਭੈ ਕਰ!!

ਤੈਨੂ ਚਾਹੀਦਾ ਤਾਂ ਇਹ ਸੀ ਕਿ ਤੂੰ ਅਗਲੀ ਹੀ ਭਲ ਪਚਾਦੋਂ ਪਰ ਤੈਨੂੰ ਇਹ ਨਾ ਭਾਵਿਆ ਤੇ ਤੈਨੇ ਸੋਚਿਆ ਕਿ ਸ੍ਰੋਮਣੀ ਕਮੇਟੀ ਸ਼ੈਦ ਆਪਣੀ ਅਮਾਂਨਤ (ਪੰਜਾਬ ਦਾ ਰਾਜ) ਵਾਪਸ ਮੰਗ ਲਵੇ, ਇਹੋ ਹੀ ਕਾਰਨ ਸੀ ਜਿਸ ਕਰਕੇ ਅਜ ਸਾਨੂ ਬਾਗੀ ਦਸਦਾ ਹੈਂ ਇਹ ਤਾਂ ਐਨ ਉਹ ਗਲ ਹੈ ਜਿਵੇਂ ਬਕਰੀ ਲੈਂਹਦੇ ਵਲ ਪਾਣੀ ਪੀਂਦੀ ਸੀ ਤੇ ਸ਼ੇਰ ਉਪਰ ਪਰ ਜਦ ਸ਼ੇਰ ਦਾ ਜੀ ਕੀਤਾ ਕਿ ਬਕਰੀ ਕੋ ਮਾਰ ਦੇਵੇਂ ਤਾਂ ਝਟ ਕੈਹਣ ਲਗਾ ਕਿ ਤੂੰ ਪਾਣੀ ਗਦਲਾਂ ਕਿਉਂ ਕਰਦੀ ਹੈ ਅਗੋਂ ਜਵਾਬ ਦੇਣ ਤੇ ਕੈਹਣ ਲਗਾ ਕਿ ਬਾਦਸ਼ਾਹ ਕੀ ਬਰੋਬਰੀ ਕਰਦੀ ਹੈ ਤੇ ਅਗੋਂ ਬੋਲਦੀ ਹੈਂ ।

ਔਲਰਾਈਟ ਟੁਮ ਬਾਗੀ ਹੋ ਟੁਮ ਪਰ ੧੨੧ ਅਲਫ ਤੇ ੧੨੪ ਅਲਫ ਦਫਾ ਲਗਾਈ ਜਾਟੋ ਹੈ ਜਿਸ ਕੀ ਸਜ਼ਾ ਮੌਟ ਤੇ ਜ਼ਬਟੀ ਜਾਇਦਾਦ ਹੈ ।

ਅਜ ਕਲ ਦੇ ਸਮੇਂ ਵਿਚ ਸਚ ਸੁਣੌਣਾ ਹੀ ਬਾਗੀਪੁਣਾ ਹੈ ਰੀਡਿੰਗਸ਼ਾਹੀ ਐਹਦ ਜੋ ਹੋਇਆ !

# ਸੀ. ਆਈ. ਡੀ. ਦੀ ਕਰਤੂਤ

## ਇਨਸਾਫ ਦਾ ਪੋਲ ?

ਸ੍ਰੋ: ਗੁ: ਪ੍ਰ: ਕਮੇਟੀ ਦੇ ਸਾਰੇਸਟਾਫ ਨੂੰ ਫੜਕੇ ਇਕ ਹੋਰ ਵਾਧਾ ਇਸ ਨੌਕਰਸ਼ਾਹੀ ਨੇ ਕੀਤਾ ਹੈ। ਸ਼ੈਦ ਇਸਦਾ ਖਿਆਲ ਸੀ ਕਿ ਇਸ ਸਟਾਫ ਨੂੰ ਅਪਣੀ ਚਾਲ ਤੇ ਲਿਆਕੇ ਬਗਾਵਤ ਦਾ ਮੁਕੱਦਮਾ ਬਨਾ ਲਵਾਂਗੇ ਸੋ ਉਨ੍ਹਾ ਕਲਰਕਾਂ ਨੂੰ ਲਾਹੌਰ ਜੇਲ ਵਿਚ ਲਜਾਇਆ ਗਿਆ।

੨੦ ਅਕਤੂਬਰ ਨੂੰ ਭਾਈ ਮਾਨ ਸਿੰਘ ਜੀ ਨੂੰ ਦਰੋਗੇ ਦੇ ਕਮਰੇ ਵਿਚ ਸਦਿਆ ਗਿਆ ਤੇ ਹੇਠ ਲਿਖੀ ਗਲ ਬਾਤ ਹੋਈ:—

ਸ: ਤੇਰਾ ਕੀ ਨਾਉਂ ਹੈ ?

ਜ: ਮਾਨ ਸਿੰਘ।

ਸ: ਤੇਰਾ ਕੀ ਔਹਦਾ ਹੈ ?

ਜ: ਮੈਂ ਸ੍ਰੋਮਨੀ ਕਮੇਟੀ ਦਾ ਕਲਰਕ ਹਾਂ।

ਸ: ਤੂੰ ਕੀ ਕੰਮ ਕਰਦਾ ਸੈਂ ?

ਜ: ਐਲਾਨਾਂ ਦੀ ਨਕਲ ਕਰਨਾ ਮੇਰਾ ਕੰਮ ਸੀ।

ਸ: ਕਮੇਟੀ ਦੀਆਂ ਖੁਫੀਆਕਾਰਵਾਈਆਂ ਦਾ ਪਤਾ ਦੇਓ ?

ਜ: ਕਮੇਟੀ ਖੁਫੀਆ ਕੋਈ ਕੰਮ ਨਹੀਂ ਕਰਦੀ ਸਗੋਂ ਠੋਕ ਵਜਾਕੇ ਕਰਦੀ ਹੈ ਇਸ ਦੀਆਂ ਸਾਰੀਆਂਕਾਰਵਾਈਆਂ ਅਖਬਾਰਾਂ ਤੇ ਐਲਾਨਾਂ ਵਿਚ ਨਿਕਲ ਜਾਂਦੀਆਂ ਹਨ

ਸ: ਰੀਕਾਰਡ ਕਿਸ ਦੇ ਕੋਲ ਸੀ ?

ਜ: ਧਰਮ ਸਿੰਘ ਦੇ ਕੋਲ।

ਸਃ ਰੀਕਾਰਡ ਕਿਥੇ ਹੈ ?
ਜਃ ਦਫ਼ਤ੍ਰ ਵਿਚ ਹੈ।
ਸਃ ਦਫ਼ਤ੍ਰ ਵਿਚ ਨਹੀਂ ਹੈ।
ਜਃ ਕੀ ਦਫ਼ਤ੍ਰ ਵਿਚ ਨਹੀਂ ? ਜਰੂਰ ਦਫ਼ਤ੍ਰ ਵਿਚ ਹੀ ਹੋਵੇਗਾ।
ਸਃ ਕੀ ਧਰਮ ਸਿੰਘ ਦਫ਼ਤ੍ਰ ਦੇ ਰੀਕਾਰਡ ਨੂੰ ਘਰ ਲੈ ਗਿਆ ਹੈ ?
ਜਃ ਨਹੀਂ ।
ਸਃ ਤੁਸੀ ਗਵਰਨਮਿੰਟ ਦੇ ਵਿਰੁਧ ਜੰਗ ਕਰਨ ਦੀ ਸਾਜ਼ਸ਼ ਕਰ ਰਹੇ ਹੋ ?
ਜਃ ਨਹੀਂ ।
ਸਃ ਤਾਂ ਤੁਸਾਨੂ ਗ੍ਰਿਫਤਾਰ ਕਿਓਂ ਕੀਤਾ ਗਿਆ ?
ਜਃ ਮੈਨੂੰ ਕੀ ਪਤਾ ਹੈ ਪੁਲਸ ਨੇ ਮੈਨੂੰ ਤਿੰਨ ਵਜੇ ਅੰਮ੍ਰਿਤ ਵੇਲੇ ਗ੍ਰਿਫਤਾਰ ਕੀਤਾ ਜਦੋਂ ਕਿ ਮੈਂ ਘਰ ਵਿਚ ਸੌਂ ਰਿਹਾ ਸਾਂ।
ਸਃ ਕੀ ਤੂੰ ਜਾਣਦਾ ਹੈਂ ਕਿ ਤੈਨੂੰ ਕੇਹੜੀਆਂ ਦਫਾਂ ਹੇਠ ਫੜਿਆ ਗਿਆ ਹੈ।
ਜਃ ਹਾਂ ੧੨੧ ਅਲਫ ਤੇ ੧੨੪ ਅਲਫ।
ਸਃ ਕੀ ਤੂੰ ਜਾਣਦਾ ਹੈਂ ਕਿ ਏਨਾਂ ਦਫਾਂ ਹੇਠਾਂ ਕੀ ਸਜ਼ਾ ਹੁੰਦੀ ਹੈ।
ਜਃ ਨਹੀਂ ।

ਤਦ ਇਸ ਨੇ ਕਿਹਾ "ਮੌਤ ਅਤੇ ਜਾਇਦਾਦ ਜ਼ਬਤ" ਅਤੇ ਮਾਨ ਸਿੰਘ ਚੁਪ ਹੋ ਗਿਆ

ਸ਼ਃ ਕੀ ਤੂੰ ਚਾਹੁੰਦਾ ਹੈਂ ਕਿ ਤੇਰਾ ਚਲਾਨ ਕੀਤਾ ਜਾਵੇ।
ਜਃ ਅਧੀਂ ਨੌਕਰਸ਼ਾਹੀ ਦੇ ਕਬਜ਼ੇ ਹਾਂ ਜੋ ਉਹ ਚਾਹੇ ਕਰ ਸਕਦੀ ਹੈ ਅਸੀਂ ਬਹਾਦਰਾਂ ਵਾਂਗ ਉਸ ਦਾ ਟਾਕਰਾ ਕਰਾਂਗੇ।
ਸਃ ਕੀ ਤੁਸੀ ਉਜ਼ਰ ਖਾਹੀ ਕਰੋਗੇ ?
ਜਃ ਕਿਸ ਚੀਜ਼ ਲਈ ?
ਸਃ ਤੁਸੀ ਸਾਜ਼ਸ਼ ਕਰ ਰਹੇ ਹੋ।
ਜਃ ਨਹੀਂ ਅਸੀ ਬੇਗੁਨਾਹ ਹਾਂ ਅਸਾਂ ਕੋਈ ਜੁਰਮ ਨਹੀਂ ਕੀਤਾ।
ਸਃ ਕੀ ਤੁਸੀ ਜਾਨਦੇ ਹੋ ਕਿ ਸ੍ਰੋਮਨੀ ਕਮੇਟੀ ਕਾਨੂਨ ਵਿਰੁਧ ਜਮਾਤ ਦਸੀ ਗਈ ਹੈ।
ਜਃ ਕੀ ਇਹ ਸੱਚ ਹੈ ? ਜੇਕਰ ਸਚ ਹੈ ਤਾਂ ਇਹ ਸਾਡੀ ਗ੍ਰਿਫਤਾਰੀ ਦੇ ਪਿਛੋਂ ਹੋਇਆ।
ਸਃ ਤੂੰ ਕਮੇਟੀ ਵਿਚ ਸੇਵਾ ਕਿਉਂ ਕਰਦਾ ਸੈਂ ?
ਜਃ ਅਪਣੀ ਰੋਜ਼ੀ ਕਮੌਣ ਲਈ ਇਹ ਇਕ ਮਜ਼ਬੀ ਜਥਾ ਹੈ ਮੈਂ ਚਾਹੁੰਦਾ ਸਾਂ ਕੁਝ ਸੇਵਾ ਵੀ ਕਰਾਂ।
ਸਃ ਕੀ ਤੂੰ ਨਹੀਂ ਜਾਣਦਾ ਕਿ ਨਾਭਾ ਤੇ ਜੈਤੋ ਵਿਚ ਮੋਰਚਾ ਲਗਾ ਹੋਇਆ ਹੈ ?
ਜਃ ਹਾਂ ਮੈ ਅਖਬਾਰ ਵਿਚ ਪੜ੍ਹਿਆ ਹੈ।
ਸਃ ਕੀ ਕਮੇਟੀ ਦੇ ਐਲਾਨਾਂ ਵਿਚ ਜਥਿਆਂ ਨੂ ਨਾਭੇ ਤੇ ਜੈਤੋ ਜਾਣ ਲਈ ਕਿਹਾ ਜਾਂਦਾ ਹੈ।
ਜਃ ਨਹੀਂ।

ਸ: ਸੁਪਰਡੈਂਟ ਕੌਣ ਹੈ।

ਜ: ਸ੍ਰ: ਦਲੀਪ ਸਿੰਘ।

ਸ: ਉਸਦੇ ਕੀ ਫਰਜ਼ ਹਨ।

ਜ: ਮੈਨੂ ਪਤਾ ਨਹੀਂ ਕਿਉਂਕਿ ਮੈਂ ਕੇਵਲ ੬ ਮਹੀਨੇ ਤੋਂ ਹੀ ਕੰਮ ਕਰ ਰਿਹਾ ਹਾਂ।

ਤਦ ਇਸਨੇ ਜੇਹਲ ਦੇ ਅਫਸਰਾਂ ਨੂੰ ਕਿਹਾ ਕਿ ਇਸਨੂ ਚਕੀ ਵਾਲੇ ਕਮਰੇ ਵਿਚ ਬੰਦ ਕਰ ਦਿਓ।

੨੪ ਯਾ ੨੫ ਅਕਤੂਬਰ ਨੂੰ ਭਾਈ ਦਲੀਪ ਸਿੰਘ ਜੀ ਨੂੰ ਸਦਿਆ ਤੇ ਉਸਤੇ ਉਪਰ ਲਿਖੇ ਸਵਾਲਾਂ ਤੋਂ ਬਿਨਾ ਹੇਠ ਲਿਖੇ ਹੋਰ ਪ੍ਰਸ਼ਨ ਕੀਤੇ।

ਸ: ਕੀ ਤੁਸੀ ਜਾਗੀਰਦਾਰ ਹੋ ?

ਜ: ਨਹੀਂ ਮੇਰਾ ਬਾਪ ਜਾਗੀਰਦਾਰ ਹੈ।

ਸ: ਕੀ ਤੁਸੀ ਸੁਪ੍ਰੈਨਡੈਂਟ ਹੋ ?

ਜ: ਹਾਂ ਮੈਂ ਦਫਤ੍ਰ ਦਾ ਰਿਹਾ ਸੀ।

ਸ: ਆਪ ਦੇ ਕੀ ਫਰਜ਼ ਹਨ।

ਜ: ਸਕੱਤ੍ਰ ਦੇ ਕਹੇ ਅਨੁਸਾਰ ਦਫਤਰ ਦਾ ਕੰਮ ਕਰਨਾ ਮੇਰਾ ਫਰਜ਼ ਸੀ।

ਸ: ਤੁਸੀ ਜਾਗੀਰਦਾਰ ਦੇ ਲੜਕੇ ਹੋ ਇਸ ਲਈ ਗੂਰਨ-ਮਿੰਟ ਦੀ ਮਦਦ ਕਰੋ।

ਜ: ਮੈਂ ਨੇ ਜਰਮਨੀ ਦੇ ਜੰਗ ਸਮੇਂ ਗਵਰਨਮਿੰਟ ਦੀ ਮਦਦ ਕੀਤੀ ਤੇ ਬਹੁਤ ਸਾਰੇ ਰੰਗਰੂਟ ਭਰਤੀ ਕਰਾਏ ਇਸ ਤੋਂ ਬਿਨਾ ਮੇਰੇ ਪਿਤਾ ਜੀ ਗਵਰਨਮਿੰਟ ਦੀ

ਬਹੁਤ ਮਦਦ ਕਰਦੇ ਰਹੇ ਹਨ।

ਸ: ਕੀ ਆਪ ਨੂੰ ਪਤਾ ਹੈ ਕਿ ਗਵਰਨਮਿੰਟ ਆਪ ਤੋਂ ਹੋਰ ਕੀ ਮਦਦ ਲੈਣਾ ਚਾਹੁੰਦੀ ਹੈ।

ਜ: ਗਵਰਨਮਿੰਟ ਕਮੇਟੀ ਦੇਤੇਨਾਭਾ ਦੇ ਕਾਗਜ਼ ਚਾਹੁੰਦੀ ਹੈ ਇਸ ਤੋਂ ਬਿਨਾ ਨਾਭੇ ਦੇ ਕਾਗਜ਼ਾਂ ਦੇ ਬਾਰੇ ਵੀ ਪੁਛਿਆ।

ਜ: ਕਮੇਟੀ ਦੀ ਕੋਈ ਖੁਫੀਆ ਕਾਰਵਾਈ ਨਹੀਂ ਕਮੇਟੀ ਜ਼ਾਹਰਾ ਕੰਮ ਕਰਦੀ ਹੈ ਮੈਂ ਨੇ ਨਾਭੇ ਵਾਲੇ ਰੀਕਾਰਡ ਦਫਤ੍ਰ ਵਿਚ ਛਡੇ ਸਨ ਮੈਂ ਕੁਝ ਨਹੀਂ ਜਾਣਦਾ ਨਾ ਮੈਂ ਵੇਖਿਆਂ ਤੇ ਨਾ ਹੀ ਪੜ੍ਹਿਆ ਹੈ।

ਸ: ਕੀ ਮਾਨ ਸਿੰਘ ਜਿਸ ਨੂੰ ਆਪ ਨਾਲ ਗ੍ਰਿਫਤਾਰ ਕੀਤਾ ਹੈ ਉਹੀ ਹੈ ਜਿਸ ਨੇ ਕੁਝ ਐਲਾਨ ਤੇਦਸਖਤਕੀਤੇਸਨ।

ਜ: ਮੈਂ ਨਹੀਂ ਜਾਣਦਾ ਪਰ ਮੈਂ ਜੇਹੜਾ ਕਿ ੧੦੦) ਤਨ-ਖਾਹ ਲੈਂਦਾ ਹਾਂ ਅਤੇ ਮੀਤ ਸਕੱਤ੍ਰ ਜੇਹੜਾ ਕਿ ੨੦੦) ਤਨਖਾਹ ਲੈਂਦਾ ਹੈ, ਸਾਨੂੰ ਦੋਹਾਂ ਨੂੰ ਐਲਾਨਾਂ ਤੇ ਦਸਖਤ ਕਰਨਦਾ ਹੱਕ ਨਹੀਂ ਤੇ ਮਾਨ ਸਿੰਘ ਜੋ ੬੫) ਰੁਪੈ ਤਨਖਾਹ ਲੈਂਦਾ ਹੈ ਕਿਵੇਂ ਦਸਖਤ ਕਰ ਸਕਦਾ ਹਾਂ।

ਸ: ਟੀ ਸਿੰਘ ਕੌਣ ਹੈ।

ਜ: ਮੈਨੂੰ ਨਹੀਂ ਪਤਾ ਕਿਉਂਕਿ ਐਲਾਨ ਕੱਢਣ ਵਾਲੇ ਮੈਹਕਮੇ ਨਾਲ ਮੇਰਾ ਕੋਈ ਤਅਲਕ ਨਹੀਂ।

ਸ: ਤੁਸੀਂ ਕੀ ਕੰਮ ਕਰਦੇ ਹੋਂ ?

ਜ਼ਃ ਮੈਂ ਕਮੇਟੀ ਦੇ ਇੰਤਜਾਮ ਵਿਚ ਗੁਰਦਵਾਰਿਆਂ ਦਾ ਕੰਮ ਕਰਦਾ ਹਾਂ।

ਦੋ ਤਿੰਨ ਦਿਨ ਪਿਛੋਂ ਫੇਰ ਭਾਈ ਜੀ ਨੂੰ ਸਦਿਆ ਗਿਆ ਤੇ ਏਸ ਪੁਲਸ ਅਫਸਰ ਨੇ ਪੁਛਿਆ।

ਸਃ ਕੀ ਤੁਸੀਂ ਇਸਤਗਾਸੇ ਦੀ ਨਕਲ ਪੜੀ ਹੈ।

ਜਃ ਹਾਂ ਮੈਂ ਪੜੀ ਹੈ।

ਸਃ ਕੀ ਆਪ ਨੂੰ ਪਤਾ ਹੈ ਕਿ ਕੁਝ ਹੋਰ ਦਫਾ ਵਧਾਈਆਂ ਗਈਆਂ ਹਨ॥

ਜਃ ਹਾਂ ਮੈਂਨੂੰ ਇਸਤਗਾਸੇ ਤੋਂ ਪਤਾ ਲਗਾ ਹੈ।

ਸਃ ਮੈਂ ਤੁਹਾਨੂੰ ਕਹਿੰਦਾ ਹਾਂ ਕਿ ਸੋਚੋ ਤੇ ਏਨਾ ਤਕਲੀਫਾਂ ਤੋਂ ਆਪਣੇ ਆਪ ਨੂੰ ਬਚਾਵੋ।

ਜਃ ਅਸਾਂ ਕੁਝ ਨਹੀਂ ਕੀਤਾ ਅਸੀਂ ਬੇਗੁਨਾਹ ਹਾਂ।

ਸਃ ਕੀ ਤੁਸੀਂ ਤਨਖਾਹਦਾਰ ਨੌਕਰ ਸੌਤੇਸੌਰੁਪਿਆਲੈਂਦੇਸੌ

ਜਃ ਹਾਂ ਮੈਂ ਸੌ ਰੁਪੈਆ ਤਨਖਾਹ ਲੈਂਦਾ ਸਾਂ।

ਤੀਸਰੀ ਵੇਰ ਫੇਰ ਸਰਦਾਰ ਜੀ ਨੂੰ ਬੁਲਾਇਆ ਗਿਆ ਤੇ ਇਸੇ ਅਫਸਰ ਨੇ ਪੁਛਿਆ।

ਸਃ ਸ੍ਰਦਾਰ ਜੀ ਇਹ ਮੇਰੀ ਆਪ ਨਾਲ ਅਖੀਰਾ ਮਲਾਪ ਹੈ ਇਕ ਵੇਰ ਫੇਰ ਸੋਚ ਲੌ ਸਮਾ ਦਿਤਾ ਜਾਂਦਾ ਹੈ।

ਜਃ ਹਾਂ ਅਸੀਂ ਬਿਲਕੁਲ ਬੇਗੁਨਾਹ ਹਾਂ।

ਸਃ ਤੁਹਾਡੇ ਸਾਥੀਆਂ ਦੇ ਕੀ ਫਰਜ਼ ਸਨ।

ਜਃ ਸਰਦਾਰ ਕਰਤਾਰ ਸਿੰਘ ਗੁਰਦਵਾਰਾ ਇਨਸਪੇਕਟਰ ਜਿਸ ਦਾ ਕੰਮ ਗੁਰਦਵਾਰਿਆਂ ਦਾ ਇੰਤਜ਼ਾਮ ਤੇ

ਹਸਾਬ ਦੀ ਪੜਤਾਲ ਕਰਨਾ ਹੈ ਅਤੇ ਫੇਰ ਸਕਤ੍ਰ ਨੂੰ ਰੀਪੋਟ ਦੇਣ।

(੨) ਸ੍ਰ: ਮਾਨ ਸਿੰਘ ਮਿਸ਼ਨਰਵਿਚ ਕਲਰਕ ਹੈ।

(੩) ਸ੍ਰ: ਨੰਦ ਸਿੰਘ ਜੀ ਖਜ਼ਾਨਚੀ (ਭੰਡਾਰੀ) ਹਨ ਅਤੇ ਸ੍ਰ: ਲਾਹੌਰਾ ਸਿੰਘ ਜੀ ਉਨ੍ਹਾਂ ਦੇ ਨਾਲ ਕੰਮ ਕਰਦੇ ਹਨ।

(੪) ਸ੍ਰ: ਲਾਹੌਰਾ ਸਿੰਘ ਜੀ ਸ਼੍ਰੋਮਣੀ ਕਮੇਟੀ ਦੇ ਅਕਾਊਂਟੈਂਟ ਹਨ।

(੫) ਭਾ: ਪ੍ਰੇਮ ਸਿੰਘ ਦਲੀਪ ਸਿੰਘ।

(੬) ਸ੍ਰ: ਗੁਰਬਖਸ਼ ਸਿੰਘ ਜੀ ਮਿਸ਼ਨਰੀ ਦੇ ਕਲਰਕ ਹਨ ਜਿਸ ਦੇ ਆਖਰੀ ਲਫਜ਼ ਇਹ ਸਨ:-

ਸ: ਅਸੀਂ ਆਪ ਨੂੰ ਤਕਲੀਫ ਦੇਣ ਦਾ ਕੋਈ ਢੰਗ ਨਹੀਂ ਕਰ ਸਕਦੇ ਪਰ ਤੁਸਾਂ ਨੂੰ ਆਪਣੇ ਬਾਰੇ ਵਿਚ ਫੇਰ ਸੋਚ ਲੈਣਾ ਚਾਹੀਦਾ ਹੈ।

ਜ: ਤੁਸੀ ਆਪਣੀ ਰਾਇ ਦੇ ਆਪ ਮਾਲਕ ਹੋ ਅਸੀ ਤੁਹਾਡੇ ਕਬਜ਼ੇ ਵਿਚ ਹਾਂ ਤੇ ਬਿਲਕੁਲ ਬੇ ਗੁਨਾਹ ਹਾਂ।

ਭਾਈ ਮਾਨ ਸਿੰਘ ਨੂੰ ੧੫ ਦਿਨਕੋਠੜੀਵਿੱਚਰਖਿਆਗਿਆ।

ਭਾਈ ਦਲੀਪ ਸਿੰਘ ਜੀ ਨੂੰ ਕਿਹਾ ਗਿਆ ਕਿ ਗੁਰਨਮਿੰਟ ਤੇ ਸ਼੍ਰੋਮਨੀ ਕਮੇਟੀ ਜੰਗ ਕਰ ਰਹੀ ਹੈ ਇਨਾਂ ਵਿਚੋਂ ਇਕ ਜਰੂਰ ਫਤੇ ਪਾਵੇਗੀ ਯਾ ਕਮੇਟੀ ਤੇ ਯਾ ਗਵਰਨਮਿੰਟ ?

ਜ: ਜੇੜ੍ਹਾ ਸਚ ਤੇ ਹੋਵੇਗਾ ਜਰੂਰ ਫਤੇ ਪਾਵੇਗਾ।

—o—

# ਨਾਭਾ ਗੁਰੂ ਦਾ ਘਰ

ਜਿਸ ਸਮੇਂ ਸ੍ਰੀ ਗੁਰੂ ਹਰ ਰਾਏ ਜੀ ਮਝਾਰ ਪਿੰਡ ਵਿਖੇ ਪਹੁੰਚੇ ਤਾਂ ਕਾਲੇ ਨੇ ਜੇਹੜਾ ਗੁਰ ਘਰ ਦਾ ਬੜਾ ਪ੍ਰੇਮੀ ਸੀ ਸਤਗੁਰਾਂ ਦੀ ਨਿਮਾਣੇ ਹੋਕੇ ਸੇਵਾ ਕੀਤੀ ਦਿਨ ਰਾਤ ਸੇਵਾ ਵਿਖੇ ਏਨਾ ਮਗਨ ਹੋਇਆ ਕਿ ਸਤਿਗੁਰੂ ਜੀ ਦਿਆਲ ਹੋਕੇ ਕੈਹਣ ਲਗੇ, "ਕੁਝ ਮੰਗ ਭਾਈ ਕਾਲੇ, ਕੁਝ ਮੰਗ" ?

ਤਾਂ ਕਾਲੇ ਨੇ ਸੋਚਿਆ ਕਿ ਅਪਣੇ ਦੋ ਭਤੀਜਿਆਂ ਨੂ ਜਿਨਾ ਦਾ ਪਿਤਾ ਸੁਰਗਵਾਸ ਹੋ ਗਿਆ ਸੀ। ਨਾਲ ਲੈ ਆਇਆਂ ਤੇ ਉਨਾ ਨੂ ਸਿਖਾ ਲਿਆਇਆ ਕਿ ਸਤਿਗੁਰੂ ਦੇ ਹਜੂਰ ਮਥਾ ਟੇਕ ਕੇ ਢਿਡ ਵਜੋਣ ਲਗ ਪੈਣਾ ਏਨਾ ਬਾਲਕਾਂ ਦੇ ਨਾਓਂ ਫੂਲ ਤੇ ਸੰਦਲੀ ਸੀ।

ਏਨਾਂ ਦੋਹਾਂ ਹੀ ਬਾਲਕਾਂ ਨੇ ਕਾਲੇ ਦੇ ਸਿਖੇ ਸਿਖਾਏਦੀਵਾਨ ਵਿਚ ਆਕੇ ਢਿਡ ਤੇ ਹਥ ਮਾਰਨੇ ਅਰੰਭ ਦਿਤੇ ਸਤਿਗੁਰੂ ਜੀ ਜਾਣੀ ਜਾਣ ਦੇਖਕੇ ਬਹੁਤ ਖੁਸ਼ ਹੋਏ ਤੇ ਵਾਕ ਕੀਤਾ "ਭਾਈ ਕਾਲਿਆ ਇਹ ਕੀ ਮੰਗਦੇ ਹਨ" ਤਾਂ ਕਾਲੇ ਨੇ ਉਤ੍ਰ ਦਿਤਾ "ਮਹਾਰਾਜ ਇਹ ਦੋਵੇਂ ਬਾਲਕ ਆਪ ਪਾਸੋਂ ਪੇਟ ਵਿਚ ਪੌਣ ਨੂੰ ਲੰਗਰ ਲੈਣ ਆਏ ਹਨ ਇਨਾਂ ਦੇ ਮਾਤਾ ਪਿਤਾ ਪ੍ਰਲੋਕ ਸੁਧਾਰ ਗਏ ਹਨ ਇਸ ਲਈ ਇਹ ਭੁਖ ਤੋਂ ਦੁਖੀ ਰੈਹੰਦੇ ਹਨ ਆਪ ਜਾਣੀ ਜਾਣ ਹੋ ਦਾਸ ਕੀ ਬਿਆਨ ਕਰੇ ?

ਸਤਿਗੁਰੂ ਜੀ ਨੇ ਫੁਰਮਾਇਆ "ਕਾਲਿਆ ਫੂਲ ਫਲੇਗਾ ਫੂਲੇਗਾ ਬੜੇ ਵਡ ਮ੍ਰਾਤਬੇ ਪੌਣਗੇ ਰਾਜਕਮੌਣਗੇਤੇਲੰਗਰ ਚਲੌਣਗੇ"

ਇਹ ਵਰ ਸੁਣ ਕਾਲਾ ਬੜਾ ਆਨੰਦ ਹੋਇਆ ਤੇ ਆਗਿਆ ਲੈਕੇ ਘਰ ਨੂ ਆਇਆ, ਆਪਣੀ ਸੁਪਤਨੀ ਨੂੰ ਸਾਰਾ ਹਾਲ ਵਰਨਨ ਕੀਤਾ ਪਰ ਅਗੋਂ ਉਸ ਗੁਸਾ ਖਾਕੇ ਆਖਿਆ "ਤੇਰੀ ਔਲਾਦ ਤੇ ਹਕੂਮਤ ਕਰਨਗੇ ਤੇ ਮਾਮਲਾ ਲੈਣਗੇ ਤੁਸੀ ਤਾਂ ਆਪਣੀ ਔਲਾਦ ਤੇ ਵਡਾ ਕੈਹਰ ਕਰ ਆਏ ਹੋ ਇਹ ਗਲ ਸੁਣ ਕਾਲਾ ਆਪਣੇ ਪੁਤ੍ਰਾਂ ਨੂੰ ਨਾਲ ਲੈਕੇ ਕੁਝ ਮੰਗਣ ਲਈ ਅਇਆ ਤੇ ਏਨ੍ਹਾਂ ਨੂ ਵੀ ਸਖਾ ਲਿਆਇਆ ਕਿ ਪੇਟ ਤੇ ਹਥ ਮਾਰਨ ਤਾਂ ਦੀਵਾਨ ਵਿਚ ਆਕੇ ਅਰਜ ਕੀਤੀ ਕਿ ਇਹਵੀ ਆਪ ਤੋਂ ਕੁਝ ਮੰਗਦੇ ਹਨ ਤਾਂਸਤਿਗੁਰਾਂ ਫੁਰਮਾਇਆ। "ਕਾਲਿਆ ਮਾਮਲਾ ਨਹੀਂ ਦੇਣਗੇ"।

ਏਸ ਤਰਾਂ ਫੂਲ ਸੰਦਲੀ ਰਾਜ ਕਰਦੇ ਰਹੇ ਉਨ੍ਹਾਂ ਦੇ ਪਿਛੋਂ ਉਨ੍ਹਾਂ ਦੀ ਔਲਾਦ ਨੇ ਰਾਜ ਸੰਭਾਲਿਆ।

ਦਸਮਪਾਤਸ਼ਾਹੋ ਜੀਦੇਸਮੇਂਜਦ ਜ਼ਾਲਮਦਾਟਾਕਰਾ ਚਮਕਦੀ ਤਲਵਾਰ ਨਾਲ ਹੁੰਦਾ ਸੀ ਏਨ੍ਹਾਂ ਰਿਆਸਤਾਂ ਨੇ ਗੁਰੂ ਸਾਹਿਬ ਜੀ ਦੀ ਬੜੀ ਸੇਵਾ ਕੀਤੀ ਦਸਮ ਪਾਤਸ਼ਾਹੋ ਜੀ ਦਿਆਂ ਸਾਹਿਬ-ਜ਼ਾਦਿਆਂ ਦੀਆਂ ਦੇਹਾਂ ਦਾ ਸਸਕਾਰ ਕੀਤਾ ਤਾਂ ਰਾਮ ਤੇ ਤ੍ਰਲੋਕ ਜੇਹੜੇ ਉਸ ਵੇਲੇ ਰਾਜੇ ਸਨ ਅੰਮ੍ਰਤ ਛਕ ਸਿੰਘ ਸਜ ਗਏ ਤੇ ਗੁਰੂ ਸਾਹਿਬ ਨੇ ਖੁਸ਼ੀ ਹੋਕੇ ਫੁਰਮਾਇਆ।

"ਤੇਰਾ ਘਰ ਸੋ ਮੇਰਾ ਘਰ।
ਮੇਰਾ ਘਰ ਸੋ ਤੇਰਾ ਘਰ"

## ਅਪੀਲ

ਐ ਖਾਲਸਾ ਪੰਥ ਹੁਣ ਹੋਸ਼ ਕਰ ਨੀਂਦ ਨੂੰ ਤਿਆਗ ਮੈਦਾਨ ਵਿਚ ਗਜ ਅਜ ਉਹ ਗੁਰੂ ਦਾ ਘਰ, ਨੌਕਰਸ਼ਾਹੀ ਘਰ

ਬਣ ਰਿਹਾ ਹੈ ਤੇ ਰੀਡਿੰਗ ਸ਼ਾਹੀ ਇਨਸਾਫ ਤੈਨੂੰ ਬਾਗੀ ਦਸ ਰਿਹਾ ਹੈ। ਆਪ ਸ਼ਾਂਤਮਈ ਰੈਂਹਦੇ ਹੋਏ ਨੌਕਰਸ਼ਾਹੀ ਚਾਲਾਂ ਦਾ ਖੂਬ ਜ਼ੋਰ ਨਾਲ ਟਾਕਰਾ ਕਰੋ ਤੇ ਨੌਕਰਸਾਹੀ ਦੀ ਹੋਸ਼ ਭੁਲਾ ਦਿਓ

ਕੀ ਖਾਲਸਾ ਜੀ ਤੁਸੀਂ ਇਹੋ ਸਹਾਰੋਗੇ ਕਿ ਵੇਲੇ ਦੀ ਹਕੂਮਤ ਸਿਖ ਕੌਮ ਨੂੰ ਬਾਗੀ ਬਨਾ ਦਏ ਤੇ ਤੁਹਾਡੇ ਗੁਰੂ ਦੇ ਗੁਰਦੁਆਰਿਆਂ ਨੂੰ ਕੌਮ ਘਾਤਕਾਂ ਦੇ ਹਵਾਲੇ ਕਰਦੇਏ।

## ਨੌਕਰਸ਼ਾਹੀ ਕਾਨੂੰਨ ਵਿਰੁਧ ਹੈ

ਮੈ ਲਾਰਡ ਰੀਡਿੰਗ ਜਰਾ ਸੋਚ ਕਿ ਕਾਨੂੰਨ ਦੀ ਵਿਰੋਧਤੀ ਨੌਕਰਸ਼ਾਹੀ ਆਪ ਕਰਦੀਹੈ ਯਾ ਸਿਖ ਕੌਮ, ਤੂੰਐਲਾਨ ਕਢਿਆ ਸੀ ਕਿ ਸ੍ਰੋਮਣੀ ਕਮੇਟੀਤੇਅਕਾਲੀ ਦਲ ਤੇ ਉਨ੍ਹਾਂ ਨਾਲ ਸਨਬੰਧ ਰਖਣ ਵਾਲੇ ਸਾਰੇ ਬਾਗੀ ਹਨ ਕੀ ਤੈਨੂੰ ਪਤਾ ਨਹੀਂ ਕਿ ਹਰ ਰੋਜ਼ ਸ੍ਰੀ ਅੰਮ੍ਰਿਤਸਰ ਵਿਖੇ ਅਕਾਲੀ ਦਲ ਤੇ ਸ੍ਰੋਮਣੀ ਕਮੇਟੀ ਦੇ ਵੇਲੇ ਜਲੂਸ ਕਡਦੇ ਹਨ ਤੇ ਐਲਾਨ ਕਰਦੇ ਹਨ ਕਿ ਅਸੀਂ ਓਹੀ ਕੰਮ ਕਰਦੇ ਹਾਂ ਜਿਸ ਕੰਮ ਨੂੰ ਕਰਦੇ ਸ੍ਰ: ਬਹਾਦਰ ਸ੍ਰ: ਮੈਤਾਬਸਿੰਘ ਜੀ ਆਦਿ ਫੜੇ ਗਏ ਹਨ ਕੀ ਤੇਰਾ ਕਾਨੂਨੀ ਹਥਿਆਰ ਖੁੰਡਾ ਹੋ ਗਿਆ ਹੈ ਕੀ ਅਜ ਤਕ ਸ੍ਰੋਮਨੀ ਕਮੇਟੀ ਤੇ ਅਕਾਲੀ ਦਲ ਦੇ ਦੂਸਰੇ ਮੈਂਬਰਾਂ ਤੇ ਉਨਾਂ ਨਾਲ ਸਨਬੰਧ ਰਖਣ ਵਾਲਿਆਂ ਨੂੰ ਨਾ ਫੜਨਾ ਕਨੂੰਨ ਸ਼ਿਕਨੀ ਨਹੀਂ ਕੀ ਇਸ ਬਿਨਾ ਤੇ ਨੌਕਰਸ਼ਾਹੀ ਕਨੂੰਨ ਵਿਰੁਧ ਨਹੀਂ।

## ਅਖਬਾਰਾਂ ਤੇ ਜਬਰ

ਕੀ ਮਾਈ ਲਾਰਡ ਨੇ ਇਹ ਐਲਾਨ ਵੀ ਕੀਤਾ ਸੀ ਕਿ

ਕੋਈ ਅਖਬਾਰ ਯਾ ਪ੍ਰੈਸ ਸ੍ਰੋਮਨੀ ਕਮੇਟੀ ਦੇ ਐਲਾਨ ਨਾ ਛਾਪੇ ਜੇਹੜਾ ਛਾਪੇਗਾ ਉਸ ਦਾ ਪ੍ਰਿੰਟਰ ਯਾ ਐਡੀਟਰ ਗ੍ਰਿਫਤਾਰ ਕਰ ਲਿਆ ਜਾਵੇਗਾ ਕੀ ਇਸ ਐਲਾਨ ਤੇ ਅਮਲ ਕੀਤਾ ਗਿਆ। ਬਿਲਕੁਲ ਨਹੀਂ ਰੋਜ਼ ਅਖਬਾਰਾਂ ਵਿਚ ਐਲਾਨ ਛਪਦੇ ਹਨ ਪਰ ਕਿਸੀ ਇਨਸਾਫ਼ ਦੇ ਪੁਤਲੇ ਨੇ ਕੋਈ ਕਾਰਵਾਈ ਨਹੀਂ ਕੀਤੀ ਕੀ ਐਡੀਟਰਾਂ ਤੇ ਪ੍ਰਿੰਟਰਾਂ ਨੂੰ ਨਾ ਫੜਨਾ ਕਨੂਨ ਦੀ ਵਿਰੋਧਤਾ ਨਹੀਂ ਕੀ ਫੇਰ ਇਸ ਬਿਨਾਂ ਤੇ ਨੌਕਰਸ਼ਾਹੀ ਕਨੂਨ ਵਿਰੁਧ ਨਾ ਹੋਈ।

## ਦੀਵਾਲੀ ਦਾ ਪੁਰਬ

ਕੀ ਦੀਵਾਲੀ ਦੇ ਪੁਰਬਤੋਂ ਪੈਹਲਾਂ ਜਲੰਧਰ ਤੇ ਹੁਸ਼ਿਆਰ ਦੇ ਅਲਾਕੇ ਵਿਚ ਬਿਨਾ ਕਿਸੇ ਦਫਾ ਦੇ ਡੌਂਡੀ ਪਟੌਣੀ ਕਿ ਦੀਵਾਲੀ ਦੇ ਪੁਰਬ ਤੇ ਕੋਈ ਨਾ ਜਾਵੇ ਜੇਹੜਾ ਜਾਵੇਗਾ ਬੇਇਜ਼ਤ ਕੀਤਾ ਜਾਵੇਗਾ ਕਾਨੂੰਨ ਸ਼ਿਕਨੀ ਨਹੀਂ ਤੇ ਇਸ ਤਰਾਂ ਨੌਕਰਸ਼ਾਹੀ ਕਨੂੰਨ ਵਿਰੁਧ ਨਹੀਂ?

ਕੀ ਕਨੂੰਨ ਦੇ ਆਪ ਵਰੋਧ ਹੁੰਦਿਆਂ ਹੋਇਆਂ ਤੈਨੂੰ ਸ਼ਰਮ ਨਹੀ ਔਂਦੀ ਕਿ ਸਿਖ ਕੌਮ ਨੂੰ ਬਾਗੀ ਦਸ ਰਿਹਾ ਹੈਂ।

ਐ ਲਾਰਡ ਰੀਡਿੰਗ ਜ਼ਰਾ ਕਨਾਂ ਦੇ ਬੁਝੇ ਲਾਹਕੇ ਐਹਦ-ਨਾਮਾ ਵੀ ਪੜ ਲੈ ਕਿਤੇ ਆਖੀ ਨਾਂ ਮੈਨੂੰ ਐਹਦਨਾਮੇ ਦਾ ਪਤਾ ਹੀ ਨਹੀ ਸੀ।

# ਐਹਦਨਾਮੇ ਦੀ ਨਕਲ

## ਗੌਰਮਿੰਟ ਹਿੰਦ ਤੇ ਮਹਾਰਾਜਾ ਨਾਭਾ ਦਾ ਐਹਿਦਨਾਮਾ

ਅਰਥਾਤ

( ਕਾਗਜ਼ ਦਾ ਇਕ ਰਦੀ ਪੁਰਜ਼ਾ )

ਇਹ ਉਲਥਾ ਉਸ ਸਨਦ ਦਾ ਹੈ ਜੋ ਮਹਾਰਾਜਾ ਨਾਭਾ ਨੂੰ ਹਿਜ਼ ਐਕਸੀਲੈਂਸੀ ਵਾਇਸਰਾਏ ਤੇ ਗਵਰਨਰ ਜਨਰਲ ਹਿੰਦ ਨੇ ਸ਼ਿਮਲੇ ਤਾਂ ੫ ਮਈ ਸੰ: ੧੮੬੦ ਨੂੰ ਦਿੱਤੀ।

ਜਦ ਤੋਂ ਅੰਗ੍ਰੇਜ਼ੀ ਰਾਜ ਹਿੰਦੁਸਤਾਨ ਵਿਚ ਕਾਇਮ ਹੋਇਆ ਹੈ। ਹੁਣ ਦਾ ਮਹਾਰਾਜਾ ਤੋਂ ਪਿਛਲੇ ਮਹਾਰਾਜੇ ਸਰਕਾਰ ਅੰਗ੍ਰੇਜ਼ੀ ਦੇ ਖੈਰਖ੍ਵਾਹ ਤੇ ਦੋਸਤ ਰਹੇ ਹਨ। ਇਸਦੇ ਬਦਲੇ ਅਕਸਰ ਕਰਕੇ ਇਨ੍ਹਾਂ ਨੂੰ ਮਰਤਬੇ ਤੇ ਇਲਾਕੇ ਇਨ੍ਹਾਂ ਦੀ ਹੈਸੀਅਤ ਦੇ ਅਨੁਸਾਰ ਮਿਲੇ ਹਨ। ਥੋੜਾ ਹੀ ਸਮਾਂ ਲੰਘਿਆ ਹੈ ਕਿ ਜਦ ਹੁਣ ਦੇ ਮਹਾਰਾਜਾ ਨਾਭਾ ਦੇ ਬਜ਼ੁਰਗਾਂ ਨੇ ਸੰ: ੧੮੫੭ ੫੮ ਦੇ ਗਦਰ ਵਿਚ ਗੌਰਮਿੰਟ ਲਈ ਨਿਮਕ ਹਲਾਲੀ ਤੇ ਬਹਾਦਰੀ ਦਿਖਾਈ ਸੀ ਉਸ ਦੀ ਯਾਦਗਾਰ ਵਿਚ ਤੇ ਭਾਰੀ ਨਿਮਕ ਹਲਾਲੀ ਹੋਣ ਕਰਕੇ ਹਿਜ਼ ਐਕਸੇਲੈਂਸੀ ਵਾਇਸਰਾਏ ਗਵਰਨਰ ਜਨਰਲ ਹਿੰਦ ਨੇ ਬਹੁਤ ਬੜੇ ਇਲਾਕੇ ਮਹਾਰਾਜ ਲਈ ਤੇ ਉਨ੍ਹਾਂ ਦੇ ਵਾਰਸਾਂ ਲਈ ਹਮੇਸ਼ਾਂ ਲਈ ਬਖਸ਼ੇ ਹਨ। ਤੇ ਮਹਾਰਾਜੇ ਦੀ ਇਸ ਬੇਨਤੀ ਪੱਤ੍ਰ ਨੂੰ ਕਿ ਉਹ ਜਮੀਨ ਦੇ ਕਿਤੇ ਜੋ ਗੌਰਮਿੰਟ ਨੇ ਦਿੱਤੇ ਹਨ ਉਨ੍ਹਾਂ ਉਤੇ ਖਾਲਸ ਕਬਜਾ ਦੀ ਸਨਦ ਉਨ੍ਹਾਂ ਨੂੰ ਦਿੱਤੀ ਜਾਵੇ ਪ੍ਰਵਾਨ ਕਰ ਲਿਆ ਹੈ ॥

( ਸ਼ਰਤ ) ਰਾਜਾ ਸਾਹਿਬ ਨੂੰ ਤੇ ਉਨ੍ਹਾਂ ਦੇ ਵਾਰਸਾਂ ਨੂੰ ਆਪਣ ਜੱਦੀ ਤੇ ਬਖਸ਼ੇ ਹੋਏ ਇਲਾਕਿਆਂ ਉਤੇ ਜੋ ਫਹਰਿਸਤ ਵਿਚ ਦਰਜ ਹਨ, ਪੂਰੀ ਹਕੂਮਤ ਹਾਸਲ ਹੋਵੇਗੀ। ਜੋ ਹੱਕ ਤੇ ਅਖਤਿਆਰ ਮਹਾਰਾਜਾ ਨੂੰ ਮਿਲੇ ਹੋਏ ਇਲਾਕੇ ਵਿਚ ਰਹਿਣਗੇ। ਰਾਜਾ ਸਾਹਿਬ ਦ ਸਾਰੀ ਰਿਆਸਤ ਦੇ ਅੰਦਰ ਹਰਦਰਜੇ ਦੇ ਹਾਕਮ ਨੂੰ ਉਨ੍ਹਾਂ ਦੀ ਆਗਿਆ ਪਾਲਨ ਕਰਨਾਂ ਜਰੂਰੀ ਹੋਵੇਗਾ।

(ਸ਼ਰਤ ੨) ਸ਼ਰਤ ਤੀਜੀ ਦੇ ਲਿਹਾਜ਼ ਨਾਲ ਸਰਕਾਰ ਅੰਗਰੇਜੀ ਰਾਜਾ ਸਾਹਿਬ ਤੇ ਉਨਾਂ ਦੇਬਾਂ ਹੋਣ ਵਾਲੇ ਯਾ ਜੈਲਦਾਰਾਂ ਰਿਸ਼ਤਾਦਾਰਾਂ ਤੋਂ ਕਿਸੇ ਤਰਾਂ ਦਾ ਜੁਰਮਾਨਾ ਯਾ ਟੈਕਸ ਵਸੂਲ ਨਾ ਕਰੇਗੀ॥

(ਸ਼ਰਤ ੩) ਕਿਉਂਕਿ ਸਰਕਾਰ ਅੰਗ੍ਰੇਜ਼ੀ ਨੂ ਖਾਨਦਾਨ ਨਾਭਾ ਦੀ ਭਲਾਈ ਦਿਲ ਤੋਂ ਪ੍ਰਵਾਨ ਹੈ ਇਸ ਨੀਯਤ ਨਾਲ ਮਹਾਰਾਜਾ ਸਾਹਿਬ ਉਨਾ ਦੇ ਵਾਰਸਾਂ ਲਈ ਇਹ ਖੁਲ ਹੈ ਕਿ ਦੋ ਹਾਲਤਾਂ ਵਿਚ ਪਹਿਲੀ ਇਹ ਕਿ ਔਲਾਦ ਨਾ ਹੋਣ ਕਰਕੇ ਖਾਨਦਾਨ ਫੂਲ ਦੇਕਿਸੇ ਆਦਮੀ ਨੂੰਤਖਤ ਦੇ ਲਈ ਚੁਣਿਆ ਜਾਜਾ ਕਰੇਗਾ। ਜੇ ਮਹਾਰਾਜਾ ਕਿਸੇ ਨੂ ਅਪਣੇ ਤਖਤ ਦੇਣ ਤੋਂ ਪਹਿਲਾਂ ਮਰ ਜਾਏ ਤਾਂ ਮਹਾਰਾਜਾ ਪਟਿਆਲਾ ਤੇ ਜੀਂਦ ਨੂੰ ਹਕ ਹੋਵੇਗਾ ਕਿ ਉਹ ਖਾਨਦਾਨ ਫੂਲ ਵਿਚੋਂ ਕਮਿਸ਼ਨਰ ਯਾ ਪੁਲੀਟੀਕਲ ਏਜੰਟ ਦੀ ਸਲਾਹ ਨਾਲ ਕਿਸੇ ਆਦਮੀ ਨੂੰ ਤਖਤ ਲਈ ਚੁਣਨ। ਪਰ ਇਸ ਹਾਲਤ ਵਿਚ ਇਕ ਸਾਲ ਦੀ ਅਧੀ ਆਮਦਨ ਗੌਰਮੈਂਟ ਨੂੰ ਨਜਰਾਨਾ ਦੀ ਤਰਾਂ ਦੇਣੀ ਪਵੇਗੀ॥

(ਸ਼ਰਤ ੪) ਸੰ: ੧੮੪੦ ਵਿਚ ਗੌਰਮਿੰਟ ਦਾ ਹੁਕਮ ਸੀ

ਕਿ ਉਹ ਮੌਤ ਦੀ ਸਜ਼ਾ ਕਮਿਸ਼ਨਰ ਦੀ ਸਲਾਹ ਨਾਲ ਦੇਵੇ। ਪਰ ਏਹ ਹੁਣ ਹਟਾਈ ਜਾਂਦੀ ਹੈ। ਤੇ ਰਿਆਸਤ ਦਾ ਮਰਣ ਤੇ ਜੀਵਣ ਮਹਾਰਾਜਾ ਸਾਹਿਬ ਨੂੰ ਦਿਤਾ ਜਾਂਦਾ ਹੈ। ਤੇ ਜੋ ਮੁਜਰਮ ਅੰਗ੍ਰੇਜ਼ੀ ਰਿਆਯਾ ਦੇ ਰਿਆਸਤ ਵਿਚ ਫੜੇ ਜਾਨ ਰਾਜਾ ਸਾਹਿਬ ਉਨਾਂ ਕਾਇਦਿਆਂ ਦੇ ਅਨੁਸਾਰ ਅਮਲ ਕਰਨਗੇ ਜੋ ਆਨਰੇਬਲ ਕੋਰਟ ਆਫ ਡਾਰੈਕਟਰਜ਼ ਮੌਸੂਮਾ ਗੌਰਮਿੰਟ ਮਦਰਾਸ ਨੰ: ੩ ਤਾਰੀਖ ੧ ਜੂਨ ਸੰ: ੧੮੩੬ ਵਿਚ ਦਰਜ ਹਨ। ਮਹਾਰਾਜਾ ਸਾਹਿਬ ਅਦਲ ਤੇ ਇਨਸਾਫ਼ ਤੇ ਰਿਆਯਾ ਦੀ ਭਲਾਈ ਦੀ ਆਪ ਨਿਗਾਹਾਨੀ ਕਰਨਗੇ ਤੇ ਉਹ ਵੈਹਦਾ ਕਰਦੇ ਹਨ ਕਿ ਅਪਨੀ ਰਿਆਸਤ ਵਿਚ ਸਤੀ, ਗੁਲਾਮੀ, ਯਾ ਖੁਦ ਕਸ਼ੀ ਦੀ ਰਸਮ ਨੂੰ ਹਟਾਣਗੇ। ਤੇ ਇਸ ਜੁਰਮ ਦੇ ਕਰਨ ਵਾਲੇ ਨੂੰ ਸਖਤ ਸਜ਼ਾ ਦੇਣਗੇ।

(ਸ਼ਰਤ ੫) ਮਹਾਰਾਜਾ ਸਾਹਿਬ ਗ੍ਰੇਟ ਬ੍ਰਿਟੇਨ ਦੇ ਖੈਰਖਾਹੀ ਤੇ ਜਾਨ ਵਾਰਨ ਤੋਂ ਕਦੀ ਦਰੇਗ ਨਾਂ ਕਰਨਗੇ।

(ਸ਼ਰਤ ੬) ਜੇ ਕੋਈ ਦੁਸ਼ਮਨ ਸਰਕਾਰ ਅੰਗ੍ਰੇਜ਼ੀ ਦੇ ਬਰਖਿਲਾਫ ਲੜੇ ਤਾਂ ਮਹਾਰਾਜਾ ਨਾਭਾ ਉਸਦੇ ਮੁਕਾਬਲੇ ਵਿਚ ਸਰਕਾਰ ਦੇ ਨਾਲ ਹੋਣਗੇ, ਤੇ ਅੰਗ੍ਰੇਜ਼ੀ ਫੌਜ ਲਈ ਭਾਰ ਬਰਦਾਰੀ ਤੇ ਰਸਦ ਉਨਾਂ ਹਦਾਇਤਾਂ ਮੁਤਾਬਕ ਜੋ ਉਨਾਂ ਨੂੰ ਹੋਣਗੀਆਂ ਪੁਚਾਂਣ ਵਿਚ ਕੋਈ ਕੋਸ਼ਸ਼ ਬਾਕੀ ਨਾਂ ਛਡਣਗੇ।


(ਸ਼ਰਤ ੭) ਸਰਕਾਰ ਅੰਗ੍ਰੇਜ਼ੀ ਮਹਾਰਾਜਾ ਦੀ ਕਿਸੀ ਰਿਆਯਾ ਦੀ ਸ਼ਿਕੈਤ ਨਾ ਸੁਣੇਗੀ ਚਾਹੇ ਉਹ ਮਾਫੀਦਾਰ ਜਗੀਰਦਾਰ ਯਾ ਕਿਸੇ ਵਲੋਂ ਭੀ ਹੋਵੇ।

(ਸ਼ਰਤ ੮) ਗੌਰਮਿੰਟ ਹਿੰਦ ਰਾਜਾ ਸਾਹਿਬ ਦੇ ਘਰਦੇ

ਯਾ ਖਾਨਦਾਨ ਦੇ ਇੰਤਜ਼ਾਮ ਦਾ ਲਿਹਾਜ਼ ਤੇ ਪਖ ਕਰੇਗੀ ੇ ਉਸ ਵਿਚ ਹਥ ਨਾ ਪਾਵੇਗੀ ।

(ਸ਼ਰਤ ੯) ਰੇਲਾਂ ਦੀਅ ਸੜਕਾਂ ਪੁਲਾਂ ਸਟੇਸ਼ਨਾਂ ਦੇ ਹੋਰ ਕੰਮਾਂ ਲਈ ਜਿਨ੍ਹਾਂ ਚੀਜ਼ਾਂ ਦੀ ਲੋੜ ਹੋਵੇਗੀ ਉਨ੍ਹਾਂ ਨੂੰ ਨਿਯਮ ਅਨੁਸਾਰ ਮਹਾਰਾਜਾ ਸਾਹਿਬ ਅਪਣੇ ਐਹਲਕਾਰਾਂ ਦੀ ਮਾਰਫਤ ਦੇਣਗੇ । ਤੇ ਜਿਤਨੀ ਜ਼ਮੀਨ ਇਨ੍ਹਾਂ ਚੀਜ਼ਾਂ ਦੇ ਬਨਾਨ ਵਿਚ ਖਰਚ ਹੋਵੇਗੀ । ਬਿਨਾਂ ਕੀਮਤ ਦੇਣਗੇ ।

(ਸ਼ਰਤ ੧੦) ਮਹਾਰਾਜਾ ਸਾਹਿਬ ਤੇ ਇਨ੍ਹਾਂ ਪਿਛੋਂ ਹੋਣ ਵਾਲੇ ਰਾਜੇ ਏਹੋ ਜੇਹਾ ਹੀ ਤਰੀਕਾ ਖੈਰਖਵਾਹੀ ਤੇ ਵਫਾਦਾਰੀ ਦਾ ਤਰੀਕਾ ਅਮਲ ਵਿਚ ਲਿਆਵਣਗੇ । ਤੇ ਗੌਰਮੈਂਟ ਭੀ ਹਮੇਸ਼ਾਂ ਰਾਜਾ ਸਾਹਿਬ ੇ ਉਨ੍ਹਾਂ ਦੇ ਖਾਨਦਾਨ ਦੀ ਇਜ਼ਤ ਨੂੰ ਕਾਇਮ ਰਖਣ ਲਈ ਤਿਆਰ ਰਹੇਗੀ ॥


ਨੌਕਰ ਸ਼ਾਹੀ ਇਨਸਾਫ ਦਾ ਪੁਤਲਾ

# ਇਨਸਾਫ ! ਇਨਸਾਫ !!

ਮਾਡਰੇਟ ਸਿਖ:—ਦੇਖਾਂ ਸਾਡੇ ਮਾਈ ਬਾਪ ਅੰਗ੍ਰੇਜ਼ ਕੈਸਾ ਇਨਸਾਫ ਕਰਦੇ ਹਨ।

ਅੰਗ੍ਰੇਜ਼:—ਅਬੀ ਕਿਆ ਕੈਹਟਾ ਹੈ।

"ਇਬਟ ਡਾਏ ਇਸ਼ਕ ਹੈ ਡ੍ਰੋਤਾ ਹੈ ਕਿਆ
ਆਗੇ ਆਗੇ ਡੇਖੀਏ ਹੋਟਾ ਹੈ ਕਿਆ"

ਅਭੀ ਇਨ ਕੋ ਬਾਗ਼ੀ ਬਨਾ ਕਰ ਇਨਸਾਫ ਡਖਲਾਟਾ ਹੂੰ।

ਮਾ: ਸਿ:—ਤਾਈਏਂ ਤਾਂ ਹਜ਼ੂਰ ਦੇ ਗੀਤ ਹਿੰਦ ਦੇ ਗਲੀ ਕੂਚੇ ਵਿਚ ਗਾਏ ਜਾਂਦੇ ਹਨ।

ਅੰਗ੍ਰੇਜ਼:—ਕਿਆ ਟੁਮ ਭੀ ਬਾਗ਼ੀ ਹੋਟਾ ਜਾਟਾ ਹੈ, ਆਗੇ ਸੇ ਗੁਸਟਾਖੀ ਕਰਟਾ ਹੈ।

ਮਾ: ਸਿ:—ਨਹੀਂ ਹਜ਼ੂਰ ਇਹ ਤਾਂ ਸਧਾਰਨ ਗੱਲ ਸੀ।

ਅੰਗ੍ਰੇਜ਼:—ਸਾਡਾਰਨ ਠੀ ਯਾ ਮਖੌਲ ਠਾ।

ਮਾ: ਸਿ:—ਆਪ ਦੇ ਅਨ ਪਾਣੀ ਨਾਲ ਪਲਿਆ ਕਦੀ ਮਖੌਲ ਕਰ ਸਕਦਾ ਹੈ।

ਅੰਗ੍ਰੇਜ਼:—ਟੁਮਨੇ ਹਜਾਰਾਂ ਖਾ ਖਾਕੇ ਹਰਾਮ ਕਰ ਡੀਆ ਹੈ।

ਮਾ: ਸਿ:—ਹਜ਼ੂਰ ਕੀ ਆਖਦੇ ਹੋ।

ਅੰਗ੍ਰੇਜ਼:—ਕਿਆ ਟੁਮਨੇ ਕਭੀ ਡੈਰੀ ਲਾ ਕਰ ਡੀ?

ਮਾ: ਸਿ:—ਮੈਂ ਕੀ ਡੈਰੀ ਦੇਵਾਂ।

ਅੰਗ੍ਰੇਜ਼:—ਜੋ ਅਕਾਲੀ ਕਰਟੇ ਹੈਂ।

ਮਾ: ਸਿ:—ਸਵਾਏ ਧਰਮ ਪ੍ਰਚਾਰ ਕੇ ਕੁਝ ਨਹੀਂ ਕਰਦੇ।
ਅੰਗ੍ਰੇਜ਼:—ਰੋਜ਼ ਡਾਕਾ ਮਾਰਟੇ ਹੈਂ ਅਬੀ ਢਰਮ ਪੜਚਾਰ ਹੈ
ਮਾ: ਸਿ:—ਹਜ਼ੂਰ ਗਲਤ ਆਖਦੇ ਹੋ।
ਅੰਗ੍ਰੇਜ਼:—ਆਗੇ ਸੇ ਗੁਸਟਾਖੀ ਕਰਟਾ ਹੈ? ਟੁਮੇਂ ਭੀ ਇਨ ਅਕਾਲੀਓਂ ਕੀ ਟਰੇਂ ਜੇਲ੍ਹਮੇਂ ਠੋਂਸ ਡੂੰਗਾ
ਮਾ: ਸਿ:—ਨਹੀਂ ਹਜ਼ੂਰ ਮੈਂ ਤਾਂ ਸਚ ਕਿਹਾ ਹੈ।
ਅੰਗ੍ਰੇਜ਼:—ਟਬ ਟੁਮ ਬਾਗ਼ੀ ਹੋ।
ਮਾ: ਸਿ:—ਕੀ ਸਚ ਬੋਲਣਾ ਬਾਗ਼ੀ ਪੁਣਾ ਹੈ?
ਅੰਗ੍ਰੇਜ਼:—ਨਹੀਂ!

ਮਾ: ਸਿ:—ਤਦ ਮੈਂ ਕਿੱਕਣ ਬਾਗ਼ੀ ਹੋਇਆ?
ਅੰਗ੍ਰੇਜ਼:—ਮਟ ਬਕੋ, ਡੇਖਟਾ ਨਹੀਂ! ਇਸ ਅਕਾਲੀ ਕੋ ਸਕੰਜੇ ਮੇਂ ਕੈਸਾ ਬੰਦ ਕੀਆ ਹੈ?

# ਇਤੀ

# ਬੇਨਤੀ

ਪਾਠਕ ਜੀ! ਦਾਸ ਨੇ ਆਪ ਜੀ ਦੀ ਪਵਿਤ੍ਰ ਸੇਵਾ ਵਿਖੇ ਬਾਗ਼ੀ ਸਿਖ ਕਿ ਸਰਕਾਰ? ਨਾਮੇ ਪੁਸ-ਤਕ ਭੇਟਾ ਕੀਤੀ ਹੈ, ਜੇਕਰ ਆਪ ਨੇ ਸੁਫਲਤਾ ਬਖਸ਼ੀ ਤੇ ਵਾਹਿਗੁਰੂ ਸਿਰਜਨਹਾਰ ਨੇ ਸਮਾ ਬਖ-ਸ਼ਿਆ ਤਾਂ ਆਸ਼ਾ ਹੈ ਕਿ ਇਸਦਾ ਅਗਲਾ ਹਿਸਾ

"ਨੌਕਰਸ਼ਾਹੀ ਦਾ ਪੋਲ

ਆਪ ਜੀ ਦੀ ਸੇਵਾ ਵਿਖੇ ਸ਼ੀਘਰ ਹੀ ਪੇਸ਼ ਕਰਾਂਗਾ!

ਦਾਸਃ ਰਤਨ ਸਿੰਘ "ਆਜ਼ਾਦ"

# ਜ਼ੁਲਮ ਦ ਨਸ਼ਟ ਕਿਵੇਂ ਹੋਇਆ ?

ਭੇਟਾ ਕੇਵਲ ੧)

ਮਿਲਨ ਦਾ ਪਤਾ:-
**ਮੈਨੇਜਰ ਅਕਾਲ ਕੁਟੀਆ ਬੁਕਡੀਪੋ**
ਬਾਜ਼ਾਰ ਮਾਈ ਸੇਵਾਂ ਅਮ੍ਰਿਤਸਰ

ਅਕਾਲੀ ਲੈਹਰ ਦੇ ਹਾਮੀ ਤੇ ਅਕਾਲੀ
ਸਿੰਘਾਂ ਦੇ ਪੜ੍ਹਨ ਯੋਗ ਪੁਸਤਕਾਂ
"ਕਹਬੇ ਕੋ ਸੋਭਾ ਨਹੀ ਦੇਖਾ ਹੀ ਪ੍ਰਵਾਨ"

# ਕੈਦੀ ਬੀਰ

ਉਪਰ ਲਿਖੇ ਨਾਮ ਦੀ ਅਧਭੁਤ ਪੁਸਤਕ ਜਿਸ ਵਿਚ ਸ੍ਰ: ਅਵਤਾਰ ਸਿੰਘ ਜੀ "ਆਜ਼ਾਦ" ਦੀਆਂ ਉਹ ਚੋਣਵੀਆਂ ਕਵਿਤਾ ਜੇਹੜੀਆਂ ਕਿ ਮਹਾਰਾਜਾ ਨਾਭਾ ਦੇ ਰਾਜ ਤਿਆਗਣ ਦੇ ਮਗਰੋਂ ਨੌਕਰਸ਼ਾਹੀਦੇ ਢੋਲ ਦਾ ਪੋਲਖੋਲਣ,ਅਰ ਆਪ ਸੰਗਤਾਂ ਨੂੰ ਸ਼ਾਤਮਈ ਜੰਗ ਲਈ ਪ੍ਰੇਰਨ ਵਾਸਤੇ ਅਖਬਾਰ 'ਅਕਾਲੀ ਤੇ ਪ੍ਰਦੇਸੀ' 'ਬਬਰਸ਼ੇਰ' 'ਪ੍ਰੀਤਮ' ਆਦ ਅਖਬਾਰਾਂ ਵਿਚ ਨਿਕਲ ਚੁਕੀਆਂ ਹਨ, ਸੰਗ੍ਰਹਿ ਕਰਕੇ ਛਪ ਰਹੀ ਹੈ। ਭੇਟਾ ਕੇਵਲ ॥=)

# ਦਰਦ ਹੁਲਾਰੇ

ਇਸ ਉਕਤ ਨਾਮ ਦੀ ਪੁਸਤਕ ਵਿਚ ਪੋਲੀਟੀਕਲ ਰੰਗਣ ਵਿਚ ਰੰਗੀਆਂ ਹੋਈਆਂ ਕਵਤਾਂ ਲਿਖੀਆਂ ਹਨ ਖਾਸ ਕਰ ਦੀਵਾਨਾਂ ਤੇ ਜਲਸਿਆਂ ਵਿਚ ਬੋਲਣ ਲਈ ਇਕ ਉਤਮ ਸੁਗਾਤ ਹਨ ਅਤੇ ਅੰਤ ਵਿਚ ਮਹਾਰਾਜਾ ਨਾਭਾ ਦੇ ਤਖਤੋਂ ਬੇਤਖਤ ਹੋਣ ਦੇ ਦਰਦ ਭਰੇ ਸਮਾਚਾਰ ਲਿਖੇ ਹਨ ਤੇ ਇਕ ਝਾਕਾ ਸ਼ਾਂਤ ਮੁਕਾਬਲੇ ਦੀ ਤਸਵੀਰ ਬਨਾ ਕੇ ਦਸਿਆ ਹੈ ਮੋਖ ਕੇਵਲ। ) ਆਨੇ।

## ਮਿਲਨ ਦਾ ਪਤਾ:-

ਮੈਨੇਜਰ ਅਕਾਲ ਕੁਟੀਆ ਬੁਕਡੀਪੋ
ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ

# ਕੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਬੁਤ ਪਰੱਸਤੀ ਹੈ?

ਪਿਆਰੇ ਪਾਠਕ ਜੀ ! ਪੰਥ ਦੇ ਚਮਕਦੇ ਹੀਰੇ ਸ੍ਰੀ ਮਾਨ ਸਰਦਾਰ ਰਣਧੀਰ ਸਿੰਘ ਜੀ ਦੇ ਪਿਆਰੇ ਨਾਮ ਵਿਚ ਹੀ ਕੋਈ ਅਜੇਹੀ ਗਜਬ ਦੀ ਕਸ਼ਸ਼ (ਖਿਚ) ਹੈ ਕਿ ਓਹਨਾਂ ਦੇ ਨਾਮ ਲੈਂਦਿਆਂ ਹੀ ਦਿਲ ਵਿਚ ਗੁਰ ਸਿਖੀ ਦੀ ਮਹੱਬਤ ਤੇ ਸੇਵ ਦੀ ਉਮੰਗ ਠਾਠਾਂ ਮਾਰਨ ਲਗ ਪੈਂਦੀ ਹੈ, ਸਿੱਖ ਕੌਮ ਵਿਚ ਅਜੇਹਾ ਕੇਹੜਾ ਅਭਾਗਾ ਪੁਰਸ਼ ਹੈ ਜੋ ਓਹਨਾਂ ਦੇ ਪਵਿਤ੍ਰ ਨਾਮ ਤੋਂ ਵਾਕਫ ਨਹੀਂ। ਤਾਂਤੇ ਏਸ ਕੌਮੀ ਬੀਰ 'ਪੰਥ ਦੇ ਸੋਨੇ ਦੀ ਚਿੜੀ' ਦੇ ਨਾਮ ਤੋਂ ਹੀ ਪਾਠਕ ਅਨੁਮਾਨ ਲਾ ਲੈਣ ਕਿ ਓਹਨਾਂ ਦੀ ਰਚਿੱਤ ਏਸ ਪੁਸਤਕ ਵਿਚ ਕੀ ਕੁਛ ਖੂਬੀਆਂ ਹੋਨਗੀਆਂ ਸ੍ਰੀ ਮਾਨ ਜੀ ਜੇਲ੍ਹ ਜਾਨੇ ਤੋਂ ਕੁਛ ਸਮਾਂ ਪਹਿਲਾਂ ਬੜੇ ਪਿਆਰ ਤੇ ਗੁਰੂ ਘਰ ਦੀ ਫ਼ਲਾਸਫ਼ੀ ਵਿਚ ਰੰਗੀ ਹੋਈ ਏਹ ਪੁਸਤਕ ਛਪਵਾਈ ਸੀ। ਜੋ ਖੁਸ਼ਕਿਸਮਤੀਨੂੰ ਅਜ ਕੁਛ ਕਾਪੀਆਂ ਸਾਡੇ ਹਥ ਲਗ ਗਈਆਂ ਹਨ। ਆਸ਼ਾ ਹੈ ਕਿ ਪਾਠਕ ਏਸ ਤੋਂ ਜ਼ਰੂਰ ਲਾਭ ਉਠਾਣਗੇ ਛੇਤੀ ਛੇਤੀ ਮੰਗਾਵੋ ਨਹੀਂ ਤੇ ਪਛਤਾਵੋਗੇ ਮੋਖਕੇਵਲ॥।)

## ਤਸਵੀਰਾਂ ! ਤਸਵੀਰਾਂ !!

**ਕਾਰ ਸੇਵਾ**—ਕਾਰਸੇਵਾ ਦੀ ਤਿੰਨ ਰੰਗੀ ਤਸਵੀਰ ਜਿਸ ਵਿਖੇ ੪ ਹਾੜ ਮੁਤਾਬਕ ੧੭ ਜੂਨ ੧੯੨੩ ਵਾਲੇ ਨਜ਼ਾਰੇ ਦਾ

੧੫-੨੦ ਸੈਜ਼ ਦੀ ਪੂਰੀ ਪੂਰੀ ਫੋਟੋ ਤੇ ਸੋਨੇ ਦੀਆਂ ਕਹੀਆਂ ਦਾ ਨਜ਼ਾਰਾ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਲਾਹੀ ਦਰਸ਼ਨ ਹੁੰਦੇ ਹਨ। ਮੋਖ ॥=)

**ਗੁਰੂ ਕਾ ਬਾਗ**—ਗੁਰੂ ਕੇ ਬਾਗ ਵਿਖੇ ਮਾਰ ਕੁਟਾਈ ਦੀ ਤਿੰਨ ਰੰਗੀ ੧੫-੨੦ ਸੈਜ਼ ਦੀ ਤਸਵੀਰ ਜਿਸ ਵਿਖੇ ਬੀਟੀ ਇਕ ਅਕਾਲੀ ਜਥੇ ਨੂੰ ਮਾਰ ਕੁਟਾਈ ਕਰ ਰਿਹਾ ਹੈ ਵੇਖਣ ਜੋਗ ਹੈ। ਮੋਖ ॥=)

**ਖੂਨੀ ਸਾਕਾ**—ਨਨਕਾਣੇ ਸਾਹਿਬ ਦੇ ਖੂਨੀ ਸਾਕੇ ਦੀ ਫੋਟੋ ਦੀ ਤਿੰਨ ਰੰਗੀ ਤਸਵੀਰ ਸੈਜ ੨੫–੨੦ ਮੋਖ ॥=)

## ਦਰਦਾਂ ਦੇ ਹੰਝੂ

ਅਰਥਾਤ

ਕੌਮੀ ਕਹਾਣੀਆਂ—ਜਿਸ ਵਿਖੇ ਵਤਨ ਦੇ ਦੁਖੜਿਆਂ ਨੂੰ ਅਤਯੰਤ ਸਵਾਦਲੀਆਂ ਕਹਾਣੀਆਂ ਵਿਚ ਲਿਖਿਆ ਹੈ ਜਿਨ੍ਹਾਂ ਨੂੰ ਪੜ੍ਹੇ ਬਿਨਾਂ ਕਤਾਬ ਹਥੋਂ ਛਡਣ ਨੂੰ ਜੀ ਨਹੀਂ ਕਰਦਾ ਇਨਾਂ ਗਲਾਂ ਦੀ ਪ੍ਰੋੜਤਾ ਕਈ ਅਖਬਾਰਾਂ ਤੇ ਵਿਦਵਾਨਾਂ ਨੇ ਕੀਤੀ ਹੈ ਤੁਸੀ ਵੀ ਇਕ ਵੇਰ ਜ਼ਰੂਰ ਪੜ੍ਹੋ ਭੇਟਾ ਕੇਵਲ ॥)

ਮਿਲਨ ਦਾ ਪਤਾ:—

**ਅਕਾਲ ਕੁਟੀਆ ਬੁਕਡੀਪੋ**

ਬਾਜ਼ਾਰ ਮਾਈ ਸੇਵਾਂ ਅਮ੍ਰਿਤਸਰ

# ਨਿੱਤਨੇਮ ਸਟੀਕ

ਟੀਕਾ ਕਾਰ ਸ੍ਰੀ ਮਾਨ ਗਿਆਨੀ ਸ਼ੇਰ ਸਿੰਘ ਜੀ

ਸਣੇ ਅਨੰਦ ਸਾਹਿਬ ਪੂਰਾ ੧॥)

ਘਰ ਦੀ ਦਾਈ ੧)

ਮਨੋਹਰ ਗੁਟਕਾ ॥।)

ਕੂਚ ਦਾ ਨਗਾਰਾ ॥)

## ਨਾਵਲ

ਕਲਜੁਗੀ ਮਾਤਾ ਤੇ ਸਤਜੁਗੀ ਪੁਤ੍ਰ ਹੁਣੇ ਹੀ ਛਪਿਆ ਹੈ ਭੇਟਾ ੧।)

## ਅਦੁਤੀ ਤੋਹਫਾ

(ਅਰਥਾਤ ੪੫ ਤਸਵੀਰਾਂ ਮਾਨਿੰਦ ਫੋਟੋ)

ਖਾਲਸਾ ਜੀ ! ਆਪਨੇ ਗੁਰੂ ਸਾਹਿਬ ਦੇ ਕਾਰਨਾਮੇ ਬਹਾਦਰੀਆਂ ਸੂਰਬੀਰਤਾ ਅਤੇ ਸ਼ਹੀਦਾਂ, ਮੁਰੀਦਾਂ, ਹਠੀਆਂ, ਤਪੀਆਂ ਦੇ ਕਈ ਸਾਕੇ ਪੈਹਲੇ ਤੇ ਹੁਣ ਦੇ ਨਨਕਾਣਾ ਸਾਹਿਬ ਅਤੇ ਤਰਨ ਤਾਰਨ ਦੇ ਪੜ੍ਹੇ ਹੋਣਗੇ, ਪਰ ਜੇਕਰ ਉਨਾਂ ਦੇ ਸਾਰੇ ਪ੍ਰਤੱਖ ਨਜ਼ਾਰੇ ਅਖਾਂ ਨਾਲ ਵੇਖਣਾ ਚਾਹੁੰਦੇ ਹੋ ਤਾਂ ਗੁਰੂ ਸਾਹਿਬਾਂ ਦੇ ਤੇ ਸਿਦਕੀ ਸਿੱਖਾਂ ਦੇ ੪੫ ਸਾਕਿਆਂ ਦੀਆਂ ਤਸਵੀਰਾਂ ਮੰਗਾਕੇ ਦਰਸ਼ਨ ਕਰੋ ਤੇ ਲਾਭ ਉਠਾਓ,ਏਨਾਂ ਦਾ ਸਾਇਜ਼ ੮-੧੦ ਇੰਚ ਹੈ ਤੇ ਦੇਖਣ ਸਾਰ ਅਖਾਂ ਅਗੇ ਸੂਰਬੀਰਤਾ ਦਾ ਨਕਸ਼ਾ ਬਝ ਜਾਂਦਾ ਹੈ ਮੋਖ ਡਾਕ ਖਰਚ ਸਣੇ। ੨॥।)

## ਬਿਜਲੀ ਦੇ ਜੇਬੀ ਲੈਂਪ

ਏਹ ਲੈਂਪ ਵਧੀਆ ਸੁਗਾਤ ਹਨ, ਰਾਤ ਬਰਾਤੀ ਹਨੇਰੇ ਵਿਚ ਬਗੈਰ ਤੀਲੀ ਬਾਲਣ ਦੇ ਕੰਮ ਦਿੰਦੇ ਹਨ। ਏਹਨਾਂ ਵਿਚ ਤੇਲ ਪਾਣ ਦੀ ਲੋੜ ਨਹੀਂ ਪੈਂਦੀ ਬਟਨ ਦਬਾਇਆ ਤੇ ਝਟ ਜਗ ਪਈ। ਹਰ ਇਕ ਕੋਲ ਹੋਣਾ ਜਰੂਰੀ ਹੈ।

ਮੁਲ ਦਰਜਾ ਅਵਲ ਇਕ ਬਤੀ ੩)

ਮੂਲ ਦਰਜਾ ਦੂਜਾ ਇਕ ਬਤੀ ੫) ਵਧੀਆ ੮)

ਬਿਜਲੀ ਲੈਂਪ ਫੁਲ ਵਿਚ ਬਿਜਲੀ ਦੇ ਕੋਟਾਂ ਨੂੰ ਲਾਣ ਵਾਲੇ ਬਟਨ ਫੀ ੪) ਜੇ ਬਿਜਲੀ ਦਾ ਮਸਾਲਾ ਖਤਮ ਹੋ ਜਾਵੇ ਤਾਂ ਨਵਾਂ ਪਾ ਲਵੋ ਮੁਲ ੧॥)

## ਪ੍ਰੇਮ ਪਟੋਲਾ

ਅਰਥਾਤ

## ਜੀਵਨ ਬ੍ਰਿਤਾਂਤ ੧੦ ਪਾਤਸ਼ਾਹੀ

ਅਸਾਂ ਬੜੀ ਮੇਹਨਤ ਨਾਲ ਇਹ ੧੦ ਪਾਤਸ਼ਾਹੀਆਂ ਦ ਗੁਰ ਇਤਹਾਸ ਸਾਧ ਸੰਗਤ ਦੇ ਲਾਭ ਹਿਤ ਗੁਟਕੇ ਦੀ ਸ਼ਕਲ ਵਿਚ ਤਯਾਰ ਕਰਵਾਇਆ ਹੈ ਜਿਸ ਨੂੰ ਪ੍ਰਚਾਰਕ ਗ੍ਰੰਥੀ ਤੇਅਕਾਲੀ ਜਥੇ ਹਰ ਵੇਲੇ ਆਪਣੇ ਪਾਸ ਰਖ ਸਕਦੇ ਹਨ ਮੋਖਕੇਵਲ੧)੧।)੨)

## ਸੁੰਦ੍ਰ ਗੁਟਕੇ ਸਾਦੇ

| | | |
|---|---|---|
| ਸੁੰਦ੍ਰ ਗੁਟਕਾ | ਨਿਤਨੇਮ ਮੋਟੇ ਅਖਰਾਂ ਵਾਲਾ | ॥) |
| ,, ,, | ੧੬ ਬਾਣੀਆਂ ਵਾਲਾ ਵਧੀਆ | ੧।) |
| ,, ,, | ੩੩ ਬਾਣੀਆਂ ਬ੍ਰੀਕ ਅਖਰਾਂ ਵਾਲਾ | ॥=) |

ਸੁੰਦ੍ਰ ਗੁਟਕਾ ੩੦ ਬਾਣੀਆਂ ਵਾਲਾ ਕਾਗਜ਼ ਮੋਟਾ ॥।≡ )
,, ,, ੩੦ ਬਾਣੀਆਂ ਵਾਲਾ ਕਾਗਜ਼ ਵਧੀਆ ੧।)
,, ,, ੩੦ ਬਾਣੀਆਂ ਵਾਲਾ ਕਾਗਜ਼ ਹਨਾਈ ॥)
,, ,, ਚੰਡੀ ਦੀ ਵਾਰ ਵਾਲਾ ੧॥)
,, ,, ਵਧੀਆ ਜਿਲਦ ਵਾਲਾ ੨)
ਗੁਟਕਾ ਕੀਰਤਨ ਪ੍ਰਕਾਸ਼ ਭਸੌੜ ਵਾਲਾ ।—)
ਕੀਰਤਨੀ ਗੁਟਕਾ ਆਸਾ ਦੀ ਵਾਰ ਛਕੇ ਛੰਦ ਤੇ ਸ਼ਬਦਾਂ ਤੇ ਵਿਵਾਹ ਵਿਧੀ ਸਮੇਤ ।)
ਗੁਟਕਾ ਸੁਖਮਨੀ ਸਾਹਿਬ ਮੋਟੇ ਅਖਰਾਂ ਵਾਲਾ ।)

**ਸਬਰ ਦੇ ਬਾਣ** ਇਸ ਪੁਸਤਕ ਦੇ ਕਰਤਾ ਸ੍ਰੀ ਮਾਨ ਗਿਯਾਨੀ ਗੁਰਮੁਖ ਸਿੰਘ ਜੀ 'ਮੁਸਾਫਰ' ਹਨ ਅਤੇ ਉਨਾਂ ਦੀਆਂ ਅਨਾਮੀ ਕਵਤਾਸੰਗ੍ਰੈਹਕਰਕੇਛਪਵਾਈਆਂਗਈਆਂਹਨ। ਮੋਖ ।=)

**ਰਣਜੀਤ ਹੁਲਾਰੇ** ਇਸ ਪੁਸਤਕ ਦੇ ਕਰਤਾ ਸ੍ਰੀ ਮਾਨ ਰਣਜੀਤ ਸਿੰਘ ਜੀ 'ਤਾਜਵਰ'ਹਨ, ਪੋਲੀਟੀਕਲ ਕਵਤਾ ਸੰਗ੍ਰੈਹ ਕਰਕੇ ਛਾਪੀਆਂ ਗਈਆਂ ਹਨ। ਮੋਖ ।=)

**ਬ੍ਰਿਹੋਂ ਦੇ ਸਦ** ਇਹ ਪੁਸਤਕ ਹੁਣੇ ਹੀ ਛਪਕੇ ਤਿਆਰ ਹੋਈ ਹੈ ਜਿਸਦੇ ਕਰਤਾ ਸ੍ਰ: ਮਦਸੂਦਨਸਿੰਘ ਜੀ ਬ੍ਰਿਹੋਂਹਨ। ਮੋਖ॥)

**ਅੰਤਮ ਸਿਖ ਬਾਦਸ਼ਾਹ** ਅਰਥਾਤ ਮਹਾਰਾਜਾ ਦਲੀਪ ਸਿੰਘ ਦੇ ਦਰਦ ਭਰੇਹਾਲਅੰਗ੍ਰੇਜ਼ਾਂਦੀਆਂਚਾਲਾਕੀਆਂਤੇ ਹੋਰ ਕਈਗੁਝੇਭੇਦ ਦਸੇ ਹਨ,ਮੋਖ ਕੇਵਲ ੧॥)

**ਮੁਕੰਮਲ ਸੌ ਸਾਖੀ** ਕੇਹੜਾ ਸਿਖ ਬਚਾ ਹੈ ਜੋ ਇਸ ਨਾਮ ਤੋਂ ਵਾਕਫ ਨਹੀਂ ਬਹੁਤ ਲਿਖਣਾ ਫਜ਼ੂਲ ਹੈ ਸਿਰਫ ਏਨਾਂ ਦਸ ਦੇਣਾਂ ਕਾਫੀ ਹੈ ਕਿ ਇਹ ਸੌ ਸਾਖੀ,ਅਸਲੀ ਸੌ ਸਾਖੀ ਹੱਥ ਦੀ ਲਿਖਤ ਲੈਕੇ ਛਾਪੀ ਗਈ ਹੈ ਮੋਖ ੧॥)

**ਜ਼ੁਲਮੀ ਕਥਾ** ਸ੍ਰੀ ਮਾਨ ਬਾਬਾ ਗੁਰਦਿਤ ਸਿੰਘ ਜੀ ਪ੍ਰਬੰਧਕ _ਰੂ ਨਾਨਕ ਜਹਾਜ਼ ਦੇ ਧੜਲੇਦਾਰ ਲਿਖਤੀ ਬਿਆਨ ਜਿਸ ਵਿਚ ਨੌਕਰਸ਼ਾਹੀ ਪਾਜਾਂ ਨੂੰ ਚੰਗੀ ਤ੍ਰਾਂ ਉਘੇੜਿਆ ਹੈ ਮੋਖ ਕੇਵਲ ੧॥)

**ਤਵਾਰੀਖ ਗੁਰੂ ਕਾ ਬਾਗ਼** ਰਚਿਤ ਸ੍ਰੀ ਮਾਨ ਗਜਾਨੀ ਬਿਸ਼ਨ ਸਿੰਘ ਜੀ ਖਾਲਸਾ ਕਾਲਜ ਅੰਮ੍ਰਿਤਸਰ ਮੋਖ ਮੁਕੰਮਲ ਦੋ ਹਿਸੇ ।॥)

**ਧਰਮ ਦਾ ਛਤ੍ਰ** ਰਚਿਤ ਸ੍ਰੀ ਮਾਨ ਗਜਾਨੀ ਸ਼ੇਰ ਸਿੰਘ ਜੀ ਜਿਸ ਵਿਚ ਦਸਵੇਂ ਪਾਤਸ਼ਾਹ ਜੀ ਦਾ ਜੀਵਨ ਬੜੇ ਵਿਸਥਾਰ ਨਾਲ ਦਸਿਆ ਹੈ ਮੋਖ ੩)

ਪ੍ਰੇਮ ਪਟਾਰੀ ਮੋਖ ੧।) ਉਰਦੂ ਵਾ ਗੁਰਮੁਖੀ

ਜ਼ਫਰਨਾਮਾਸਟੀਕਅਰਥਾਤਦਸਮੇਸ਼ਜੀਦੀ ਚਿਠੀ ਮੋਖ੧॥)

## ਤਵਾਰੀਖ ਗੁਰੂ ਖਾਲਸਾ

**ਰਚਿਤ ਗਜਾਨੀ ਗਿਆਨ ਸਿੰਘ ਜੀ । ਪੁਸਤਕ ਗਿਆਨੀ ਜਮਾਤ ਦੇ ਵਿਦਜਾਰਥੀਆਂ ਨੂੰ ਪੜ੍ਹਾਈ ਜਾਂਦੀ ਹੈ। ਮੋਖ ਤਿੰਨ ਭਾਗ ੧੨) ਵਧੀਆ ੧੪) ੨੦)**

## ਵਾਰਾਂ ਭਾਈ ਗੁਰਦਾਸ ਜੀ

ਗੁਟਕਾ ਸਾਇਜ਼ ਆਮ ਕਾਗਜ਼ ੧) ਵਧੀਆ ੧।।)
ਲੰਬੀ ਤਖਤੀ ਅਖਰ ਮੋਟੇ ੧।)
ਵਾਰਾਂ ਸਟੀਕ ਮੁਜਿਲਦ ੪)
ਹਨੂਮਾਨ ਨਾਟਕ ੫) ਸਟੀਕ ੪)

**ਸਤਿਗੁਰ ਮੈਹਮਾ ਪੰਜ ਹਿਸੇ ਮੁਕੰਮਲ** ਇਹ ਗੁਟਕਾ ਲਖਾਂ ਦੀ ਗਿਣਤੀ ਵਿਚ ਛਪਕੇ ਵਿਕ ਚੁਕਾ ਹੈ, ਕੋਹੜਾ ਸਜਣ ਹੈ ਜੇਹੜਾ ਇਸ ਗੁਟਕੇ ਦੀਆਂ ਮਨ ਮੋਹਣੀਆਂ ਵਾਜੇ ਨਾਲ ਪੜ੍ਹਨ ਵਾਲੀਆਂ ਗਜ਼ਲਾਂ ਤੋਂ ਵਾਕਫ ਨਹੀਂ, ਸੋ ਜਰੂਰ ਮੰਗਾਕੇ ਪੜ੍ਹੋ ਮੋਖ ॥) ੧।) ੨)

**ਜ਼ਖਮੀ ਦਿਲ** ਇਸ ਨਾਮ ਦਾ ਪੁਸਤਕ ਪੋਲੀਟਕਲ ਰੰਗਣ ਵਿਚ ਰੰਗਿਆ ਹੋਇਆ ਸਤਾਂ ਕਹਾਣੀਆਂ ਦਵਾਰਾ ਨੌਕਰ-ਸ਼ਾਹੀ ਚਾਲਾਂ ਦੇ ਢੋਲ ਦਾ ਪੋਲ ਖੋਲਦਾ ਹੈ, ਅਤੇ ਗੁਰੂ ਬਾਗ ਸਬੰਧੀ ਕਵਤਾ ਭੀ ਹਨ,ਪੁਸਤਕਪੜ੍ਹਨ ਦੇ ਲਾਇਕ ਹੈ। ਮੋਖ। –)

**ਹਰ ਪ੍ਰਕਾਰ ਦੀਆਂ ਪੁਸਤਕਾਂ ਆਦਿ ਤੇ ਹੋਰ ਚੀਜ਼ਾਂ ਮੰਗਾਣ ਦਾ ਪਤਾਃ–**

**ਮੈਨੇਜਰ ਅਕਾਲ ਕੁਟੀਆ ਬੁਕ ਡੀਪੋ**

**ਬਾਜ਼ਾਰ ਮਾਈ ਸੇਵਾਂ ਅਮ੍ਰਿਤਸਰ**

# ਸੱਜਣੋ

ਸਦਾ ਯਾਦ ਰਖੋ! ਜਦੋਂ ਕਦੀ ਆਪਨੂੰ ਅੰਮ੍ਰਿਤਸਰ ਦੀ ਕਿਸੇ ਸੁਗਾਤ ਕੰਘੇ, ਕੜੇ, ਕ੍ਰਿਪਾਨਾਂ, ਗ੍ਰੰਥ, ਕਿੱਸੇ, ਹਾਣੀਆਂ, ਗੁਰਬਾਣੀ ਦੇ ਗੁਟਕੇ, ਵਾਜੇ ਜੋੜੀਆਂ, ਤੇਲ, ਅਤ੍ਰ ਸੁਰਮਾ ਆਦਿ ਦੀ ਲੋੜ ਹੋਵੇ ਤਾਂ ਸਾਥੋਂ ਮੰਗਾਵੋ ਅਸੀ ਮਾਲ ਰਿਆਇਤ ਨਾਲ ਤੇ ਸਾਫ਼ ਸੁਥਰਾ ਭੇਜਦੇ ਹਾਂ।

ਪਤਾ—ਅਕਾਲ ਕੁਟੀਆ ਬੁੱਕ ਡੀਪੋ
ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ

# 'ਪ੍ਰੀਤਮ' ਮਾਸਕ ਪੱਤ੍ਰ

## ਤਸਵੀਰਾਂ ਵਾਲਾ

"ਪ੍ਰੀਤਮ" ਧਾਰਮਿਕ, ਰਾਜਸੀ, ਵਿਦਜਕ, ਇਤਹਾਸਕ, ਵੈਦਿਕ, ਇਸਤ੍ਰੀ, ਸਿਖਯਕ ਆਦ ਦਿਲ ਚਸਪ ਲੇਖਾਂ ਨਾਲ ਭਰਪੂਰ ਹੋਕੇ ਹਰ ਅੰਗ੍ਰੇਜ਼ੀ ਮਹੀਨੇ ਦੀ ੧੬ ਤਾਰੀਖ ਨੂੰ ਮਿੰਟਗੁਮਰੀ ਸ਼ਹਿਰ ਤੋਂ ਸਜ ਧਜ ਨਾਲ ਪ੍ਰਕਾਸ਼ਤ ਹੁੰਦਾ ਹੈ, ਪੰਜਾਬੀ ਦੇ ਪ੍ਰਸਿੱਧ ਲੇਖਕਾਂ ਦੇ ਸੁੰਦਰ ਲੇਖ ਤੇ ਪ੍ਰਸਿੱਧ ਕਵੀਸ਼ਰਾਂ ਦੀਆਂ ਮਨਮੋਹਨੀਆਂ ਕਵਿਤਾ ਹੁੰਦੀਆਂ ਹਨ, ਹਰ ਪਰਚੇ ਵਿਚ ਦੋ ਲੀਡਰਾਂ ਦੀਆਂ ਰੋਗਨੀ ਕਾਗਜ਼ ਤੇ ਤਸਵੀਰਾਂ ਤੇ ਸੰਖੇਪ ਜੀਵਨ ਹੁੰਦਾ ਹੈ, ਛਪਾਈ ਕਾਗਜ਼ ਵਧੀਆ ਸਫੇ ਵਡੇ ਪਰ ਸਾਲਾਨਾ ਚੰਦਾ ਕੇਵਲ ੪) ਇਕ ਪਰਚੇ ਲਈ। =) ` ਟਿਕਟ ਘਲੋ ਆਪ ਗ੍ਰਾਹਕ ਬਨੋ ਤੇ ਸੱਜਨਾਂ ਮਿਤ੍ਰਾਂ ਨੂੰ ਬਨਾਵੋ।

ਚਿੱਠੀ ਪਤ੍ਰ ਦਾ ਪਤਾ:—

**ਮੈਨੇਜਰ 'ਪ੍ਰੀਤਮ' ਮਿੰਟਗੁਮਰੀ ਪੰਜਾਬ**

# ਤਖ਼ਤ ਜਾਂ ਤਖ਼ਤਾ

ਇਹ ਓਹ ਅਮੋਲਕ ਬਚਨ ਸ੍ਰ: ਹਰੀ ਸਿੰਘ ਜੀ ਨਲੂਵਾ ਕਮਾਂਡਰ ਇਨ ਚੀਫ (ਸੈਨਾਪਤੀ) ਖਾਲਸਾ ਫੌਜ ਦੇ ਕਥਨ ਕੀਤੇ ਹੋਏ ਹਨ। ਸ੍ਰੀ ਮਾਨ ਜੀਵਣ ਸਿੰਘ ਜੀ ਗਿਆਨੀ ਨੇ ਉਪ੍ਰੋਕਤ ਬਚਨ ਸ੍ਰ: ਹਰੀ ਸਿੰਘ ਜੀ ਨਲੂਵੇ ਦਾ ਵਰਤ ਕੇ ਦਸਣਾ ਤੇ ਖਾਲਸਈ ਸ਼ਾਨ ਨੂੰ ਕਾਇਮ ਰਖਨ ਤੇ ਅਦੁਤੀ ਸ਼ਹੀਦੀ ਦੇ ਲੇਖ ਨੂੰ ਪੂਰੀ ਖੋਜ ਤੇ ਕੋਸ਼ਸ਼ ਨਾਲ ਲਿਖਿਆ ਹੈ। ਅਸਾਂ ਇਸ ਪੁਸਤਕ ਨੂੰ ਛਪਾਣਾ ਸ਼ੁਰੂ ਕਰ ਦਿਤਾ ਹੈ, ਅਜ ਹੀ ਅਪਣੇ ਆਰਡਰ ਭੇਜਣੇ ਸ਼ੁਰੂ ਕਰਦੇਵੋ ਤਾ ਕਿ ਪੁਸਤਕ ਆਪਨੂੰ ਛਪਦੇ ਹੀ ਰਵਾਨਾ ਕਰ ਦਿਤੀ ਜਾਵੇ। ਦੇਖਣਾ ਕਿਤੇ ਦੂਸਰੀ ਐਡੀਸ਼ਨ ਨਾ ਉਡੀਕਣਾ ਪਵੇ। ਪੋਹ ਸੁਦੀ ਸਪਤਮੀ ਤਕ ।॥) ਦੇ ਟਿਕਟ ਯਾ ਮਨੀਆਰਡਰ ਭੇਜਣ ਵਾਲੇ ਨੂੰ ਇਸੇ ਕੀਮਤ ਤੇ ਦਿਤੀ ਜਾਵੇਗੀ ਪਿਛੋਂ ੧) ਤੋਂ ਮਿਲੇਗੀ।

ਮਿਲਨ ਦਾ ਪਤਾ:-

ਮੈਨੇਜਰ-ਅਕਾਲ ਕੁਟੀਆ ਬੁਕ ਡੀਪੋ

ਬਜ਼ਾਰ ਮਾਈ ਸੇਵਾਂ ਅੰਮ੍ਰਤਸਰ।